PUNJABI UNIVERSITY PATIALA

**ਬੀ. ਏ. ਭਾਗ ਤੀਜਾ** **ਸਮਾਜ ਵਿਗਿਆਨ**
**(ਸਮੈਸਟਰ ਪੰਜਵਾਂ)**

**ਯੂਨਿਟ 2**

**ਪਾਠ ਨੰ :**

| | | |
|---|---|---|
| 2.1 | : | ਇਮਾਈਲ ਦੁਰਖਾਈਮ-ਸਮਾਜਿਕ ਤੱਥ। |
| 2.2 | : | ਇਮਾਈਲ ਦੁਰਖਾਈਮ (ਸਮਾਜਿਕ ਇਕਜੁੱਟਤਾ, ਕਿਰਤ ਵੰਡ ਅਤੇ ਆਤਮ ਹੱਤਿਆ) |
| 2.3 | : | ਮਹਾਤਮਾ ਗਾਂਧੀ (ਅਹਿੰਸਾ ਅਤੇ ਸਤਿਆਗ੍ਰਹਿ) |
| 2.4 | : | ਮਹਾਤਮਾ ਗਾਂਧੀ (ਸਵਰਾਜ ਅਤੇ ਸਰਵੋਦਯ) |

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਨੋਟ :** **ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ www.dccpbi.com ਤੋਂ ਡਾਊਨਲੋਡ ਕਰਨ।**

ਪਾਠ ਨੰਬਰ : 2.1　　　　ਲੇਖਕ : ਡਾ. ਪਲਵਿੰਦਰ ਸਿੰਘ

# ਇਮਾਈਲ ਦੁਰਖਾਈਮ
# (ਸਮਾਜਿਕ ਤੱਥ)

**ਬਣਤਰ**


7.0 ਉਦੇਸ਼
7.1 ਜਾਣ-ਪਛਾਣ
7.2 ਦੁਰਖਾਈਮ ਦੀਆਂ ਮੁੱਖ ਲਿਖਤਾਂ
7.3 ਸਮਾਜਿਕ ਤੱਥ
7.4 ਸਮਾਜਿਕ ਤੱਥ ਦੀਆਂ ਵਿਸ਼ੇਸ਼ਤਾਈਆਂ
　7.4.1 ਬਾਹਰੀਪਣ
　7.4.2 ਦਬਾਓ
　7.4.3 ਵਿਆਪਕਤਾ
　7.4.4 ਸਮੂਹਿਕਤਾ ਦੀ ਉਪਜ
　7.4.5 ਆਪਣੇ ਆਪ ਪੈਦਾ ਹੋਣਾ
7.5 ਸਮਾਜਿਕ ਤੱਥਾਂ ਦੇ ਅਧਿਐਨ ਦੀ ਵਿਧੀ
7.6 ਸਾਰ
7.7 ਅਭਿਆਸ ਲਈ ਪ੍ਰਸ਼ਨ
7.8 ਉਪਯੋਗੀ ਪੁਸਤਕਾਂ


## 7.0 ਉਦੇਸ਼ :

ਇਸ ਇਕਾਈ ਨੂੰ ਪੜ੍ਹਨ ਤੋ ਬਾਅਦ ਤੁਸੀਂ ਇਸ ਯੋਗ ਹੋਵੋਂਗੇ ਕਿ :

* ਇਮਾਇਲ ਦੁਰਖਾਈਮ ਦੀ ਜੀਵਨੀ ਅਤੇ ਉਸਦੇ ਕੰਮਾਂ ਬਾਰੇ ਜਾਣ ਸਕੋਂ।
* ਇਮਾਇਲ ਦੁਰਖਾਈਮ ਦੁਆਰਾ ਦਿੱਤੇ ਸਮਾਜਿਕ ਤੱਥਾਂ ਦੇ ਸੰਕਲਪ ਨੂੰ ਬਿਆਨ ਕਰ ਸਕੋਂ।
* ਸਮਾਜਿਕ ਤੱਥਾਂ ਦੀਆਂ ਵਿਸ਼ੇਸ਼ਤਾਈਆਂ ਤੇ ਚਾਨਣਾ ਪਾ ਸਕੋਂ।

## 7.1 ਜਾਣ ਪਛਾਣ

ਇਮਾਈਲ ਦੁਰਖਾਈਮ ਇਕ ਫਰੈਂਚ ਫਿਲਾਸਫਰ ਅਤੇ ਸਮਾਜ-ਵਿਗਿਆਨੀ ਸੀ। ਉਸ ਦਾ ਜਨਮ 1858 ਵਿੱਚ ਫਰਾਂਸ ਵਿੱਚ ਸਟਰਾਸਬਰਗ ਨੇੜੇ ਵੋਸਗੇਸ (Vosges) ਵਿੱਚ ਏਪੀਨਲ ਵਿਖੇ ਹੋਇਆ। ਉਸ ਦਾ ਪਿਤਾ ਮੁੱਖ

ਰਾਬੀ (ਯਹੂਦੀ ਪਾਦਰੀ) ਸੀ। ਉਸ ਉੱਪਰ ਆਪਣੇ ਪਿਤਾ ਪੁਰਖੀ ਪਿਛੋੜਕ ਭਾਵ ਯਹੂਦੀ ਪਿਛੋਕੜ ਦਾ ਕਾਫੀ ਪ੍ਰਭਾਵ ਸੀ। ਯਹੂਦੀਆਂ ਦੇ ਅਲਪ ਗਿਣਤੀ ਰੁਤਬੇ ਅਤੇ ਫਰੈਂਕੋ-ਪਰਸ਼ੀਅਨ ਲੜਾਈ ਦੀ ਤਬਾਹੀ ਨੇ ਉਸ ਦੇ ਮਨ ਤੇ ਬਹੁਤ ਪ੍ਰਭਾਵ ਪਾਇਆ ਜਿਸ ਦਾ ਪਤਾ ਉਸ ਦੀ ਸਮੂਹ ਇਕਮੁੱਠਤਾ ਦੇ ਅਧਿਐਨ ਨਾਲ ਆਕਰਸ਼ਤਾ ਤੋਂ ਲਗਦਾ ਹੈ। ਬੌਧਿਕ ਪ੍ਰਭਾਵਾਂ ਦੇ ਤੌਰ ਤੇ ਉਹ ਕੌਂਤ (Comte) ਦਾ ਪ੍ਰਮੁੱਖ ਉੱਤੱਰਾ ਅਧਿਕਾਰੀ ਆਖਿਆ ਜਾ ਸਕਦਾ ਹੈ। ਉਹ ਤੇਰ੍ਹਾਂ ਸਾਲ ਦੀ ਉਮਰ ਤੱਕ ਦ੍ਰਿੜ ਸੀ, ਪਰ ਥੋੜ੍ਹੇ ਚਿਰ ਬਾਅਦ ਉਹ ਇੱਕ ਕੈਥੋਲਿਕ ਅਧਿਆਪਕ ਦੇ ਪ੍ਰਭਾਵ ਹੇਠ ਆ ਗਿਆ। ਉਹ ਅਜੇ ਵੀਹਵਿਆਂ ਤੋਂ ਥੱਲੇ ਹੀ ਸੀ ਜਦੋ ਉਸ ਨੇ ਸੰਗਠਤ ਧਰਮ (organised religion) ਨਾਲ ਆਪਣੀ ਜੁੜਤ ਤਿਆਗ ਦਿੱਤੀ ਅਤੇ ਇਕ ਨਿਸਚੇਸ਼ਠ ਤਰਕਪੂਰਣ ਬਣ ਗਿਆ ਪਰ ਆਪਣੇ ਮਨ ਵਿਚ ਉਹ ਇਕ ਗੁੱਥੀ ਸੁਲਝਾਉਣ ਵਿੱਚ ਨਾਕਾਮਯਾਬ ਰਿਹਾ ਕਿ ਪ੍ਰਮਾਤਮਾ ਦੀ ਹੋਂਦ ਹੈ ਜਾਂ ਨਹੀਂ ਅਤੇ ਕਿਹੜੀ ਧਾਰਮਿਕ ਰੀਤੀ ਸੱਚ ਹੈ?

ਉਹ 1879 ਵਿੱਚ ਪੈਰਿਸ ਦੇ ਪ੍ਰਤਿਸ਼ਠ ਸੁਪੀਰੀਅਰ ਨਾਰਮਲ ਸਕੂਲ (Ecole Normale Superiere) ਵਿੱਚ ਦਾਖਲ ਹੋਇਆ। ਬਾਅਦ ਵਿੱਚ ਉਸ ਨੇ ਜਰਮਨੀ ਦੀ ਯਾਤਰਾ ਕੀਤੀ ਅਤੇ ਖਾਸ ਤੌਰ ਤੇ ਅਰਥ ਸ਼ਾਸਤਰ ਮਨੋਵਿਗਿਆਨ ਅਤੇ ਸਭਿਆਚਾਰਕ ਮਨੋਵਿਗਿਆਨ ਦਾ ਅਧਿਐਨ ਕੀਤਾ ਅਤੇ ਖਾਰਕਾਰ ਬੋਰਡੋ (Bordeaux) ਵਿਸਵ ਵਿਦਿਆਲੇ ਵਿੱਚ ਸਮਾਜਿਕ ਵਿਗਿਆਨ ਦਾ ਪ੍ਰੋਫੈਸਰ ਬਣ ਗਿਆ। ਗਰੈਜੂਏਸਨ ਤੋਂ ਬਾਅਦ ਉਸਨੇ ਪੈਰਿਸ ਦੇ ਨੇੜੇ ਕਈ ਸੰਸਥਾਵਾਂ ਵਿੱਚ ਪੜ੍ਹਾਇਆ। 1885 ਤੋਂ 1886 ਵਿਚਲੇ ਸਮੇਂ ਵਿੱਚ ਕਈ ਕਿਸਮ ਦੇ ਲੇਖ ਪ੍ਰਕਾਸ਼ਿਤ ਕੀਤੇ ਜਿਨ੍ਹਾਂ ਦਾ ਸੰਬੰਧ ਜਰਮਨ ਦੀ ਅਕਾਦਮਿਕ ਜਿੰਦਗੀ ਨਾਲ ਸੀ। ਫਿਰ ਉਸ ਦਾ ਵਿਆਹ ਇਕ ਯਹੂਦੀ ਕੁੜੀ ਲੂਇਸ ਡਰੇਫਸ (Louesi Dreyfus) ਨਾਲ ਹੋ ਗਿਆ। ਉਨ੍ਹਾਂ ਦੇ ਦੋ ਬੱਚੇ ਸਨ। ਜਿਨ੍ਹਾਂ ਦੇ ਨਾਂ ਮੈਰੀ ਅਤੇ ਆਂਦਰੇ ਸਨ। ਉਸ ਦੀ ਪਤਨੀ ਇਕ ਮਜਬੂਤ ਅਤੇ ਸਹਾਇਤਾ ਕਰਨ ਵਾਲੀ ਪਤਨੀ ਅਤੇ ਸਾਹਸੀ ਮਾਂ ਸਾਬਤ ਹੋਈ। ਦੁਰਖਾਈਮ ਆਧੁਨਿਕ ਯੁੱਗ ਦੇ ਸਮਾਜ ਵਿਗਿਆਨਕ ਸਿਧਾਂਤਾਂ ਦਾ ਮੋਢੀ ਮੰਨਿਆ ਜਾਂਦਾ ਹੈ। ਉਸ ਦੀ ਪਹਿਲੀ ਪੁਸਤਕ 'ਕਿਰਤ ਦੀ ਵੰਡ' (Division of Labour) 1893 ਵਿੱਚ ਪ੍ਰਕਾਸ਼ਿਤ ਹੋਈ। ਫਰਾਸ ਦਾ ਦਾਰਸ਼ਨਿਕ ਰੂਸੋ (Rousseau) ਜੋ ਕਿ 'ਲੋਕਤਾਂਤਰਿਕ ਵਿਅਕਤੀਵਾਦ' ਦਾ ਸਮਰਥਕ ਸੀ. ਨੇ ਦੁਰਖਾਈਮ ਨੂੰ ਪ੍ਰਭਾਵਿਤ ਕੀਤਾ। ਉਹ ਸੇਂਤ ਸਾਈਮਨ. ਅਗਸਤ ਕੌਂਤ ਅਤੇ Fustel de Coulanges ਤੋਂ ਵੀ ਬਹੁਤ ਪ੍ਰਭਾਵਿਤ ਸੀ। 1895 ਵਿੱਚ ਉਸ ਦੀ ਦੂਜੀ ਪੁਸਤਕ ਦੀ ਰੂਲਜ਼ ਆਫ਼ ਸੋਸ਼ਿਓਲੋਜੀਕਲ ਮੈਥਡ' (The Rules of Sociological Method) ਪ੍ਰਕਾਸ਼ਿਤ ਹੋਈ ਅਤੇ 1897 ਵਿੱਚ ਉਸਨੇ 'ਆਤਮ ਹੱਤਿਆ' (Suicide) ਤੇ ਕੰਮ ਪੂਰਾ ਕਰ ਲਿਆ। ਇਸ ਤੋਂ ਬਾਅਦ 1898 ਵਿੱਚ ਉਸ ਨੈ ਆਪਣਾ ਪ੍ਰਸਿੱਧ ਰਿਵੀਉ ਜਰਨਲ D' Annee Sociologique ਸ਼ੁਰੂ ਕੀਤਾ ਜਿਸ ਦੁਆਰਾ ਸਮਾਜ ਵਿਗਿਆਨ ਨੇ ਅੰਤਰਰਾਸ਼ਟਰੀ ਪੱਧਰ ਤੇ ਜ਼ਿਆਦਾ ਮਹੱਤਵਪੂਰਨ ਹਿੱਸਾ ਪਾਇਆ। 1902 ਵਿੱਚ ਉਸ ਲਈ ਸਮਾਜ ਵਿਗਿਆਨ ਅਤੇ ਐਜੂਕੇਸ਼ਨ ਵਿੱਚ ਇਕ ਚੇਅਰ ਸਥਾਪਿਤ ਕੀਤੀ ਗਈ। ਉਸ ਸਭ ਤੋਂ ਆਖਰੀ ਅਤੇ ਮਹੱਤਵਪੂਰਨ ਪੁਸਤਕ ''ਧਾਰਮਿਕ ਜੀਵਨ ਦੇ ਮੁੱਢਲੇ ਰੂਪ'' (The Elementary Forms of the Religious Life) 1912 ਵਿੱਚ ਪ੍ਰਕਾਸ਼ਿਤ ਹੋਈ।

ਪਹਿਲੀ ਸੰਸਾਰ ਜੰਗ ਦੇ ਦੁਖਾਂਤ ਨੇ ਉੂਸ ਨੂੰ ਹਿਲਾ ਕੇ ਰੱਖ ਦਿੱਤਾ। ਉਹ ਆਦਮੀ ਜੋ ਸਮਾਜਿਕ ਇਕਸੁਰਤਾ ਨੂੰ ਸਮਝਣ ਲਈ ਇੰਨਾ ਸੁਹਿਰਦ ਸੀ ਨੂੰ ਇਸ ਘਟਨਾ ਨੇ ਪੀੜ ਨਾਲ ਭਰ ਦਿੱਤਾ। ਸੋਰਬੋਨ ਵੇਲੇ ਤੋਂ ਉਸਦੇ ਅੱਧੇ ਜਮਾਤੀ ਇਸ ਲੜਾਈ ਵਿੱਚ ਮਾਰੇ ਗਏ। 1915 ਵਿੱਚ ਕ੍ਰਿਸਮਿਸ ਤੋਂ ਪਹਿਲਾਂ ਦੁਰਖਾਈਮ ਨੂੰ ਸੂਚਿਤ ਕੀਤਾ ਗਿਆ ਕਿ ਉਸ ਦਾ ਇਕੋ ਇਕ ਪੁੱਤਰ ਆਂਦਰੇ ਬਲਗਾਰੀਅਨ ਹਸਪਤਾਲ ਵਿੱਚ ਜ਼ਖਮਾਂ ਦੀ ਤਾਬ ਨਾ ਝਲਦਾ ਹੋਇਆ ਦਮ ਤੋੜ ਗਿਆ। ਉਹ ਸਦਮਾ ਉਸ ਲਈ ਅਸਹਿ ਸੀ। ਇਸ ਤੋਂ ਬਾਅਦ ਉਸਦੀ ਸਿਹਤ ਦਿਨੋ-ਬ-ਦਿਨ ਵਿਗੜਦੀ ਗਈ ਅਤੇ ਅੰਤ ਨੂੰ ਨਵੰਬਰ 15. 1917 ਨੂੰ ਉਹ ਦਮ ਤੋੜ ਗਿਆ। ਪਰ ਆਪਣੇ ਪਿੱਛੇ ਉਹ

ਸਮਾਜ ਵਿਗਿਆਨ ਨੂੰ ਬਹੁਤ ਵੱਡੀ ਦੇਣ ਦੇ ਗਏ ਤਾਂ ਕਿ ਭਵਿੱਖ ਵਿੱਚ ਵੀ ਵਿਗਿਆਨੀ ਉਨ੍ਹਾਂ ਦੇ ਤਜਰਬਿਆਂ ਅਤੇ ਸਿਧਾਂਤਾਂ ਤੋਂ ਫਾਇਦਾ ਉਠਾ ਸਕਣ। ਦੁਰਖਾਈਮ ਪ੍ਰਸਿੱਧ ਜਰਮਨ ਦਾਰਸ਼ਨਿਕ ਇਮੈਨੂਅਲ ਕਾਂਤ (1724-1804) ਤੋਂ ਪ੍ਰਭਾਵਿਤ ਸੀ। ਇਸੇ ਲਈ ਐਨਥਨੀ ਗਿਡਨਜ਼ ਨੇ ਦੁਰਖਾਈਮ ਦੇ ਸਮਾਜ ਵਿਗਿਆਨ ਨੂੰ 'ਸਮਾਜ ਵਿਗਿਆਨਕ ਕਾਂਤਵਾਦ ਦਾ ਨਾਂ ਦਿੱਤਾ। ਇਸ ਤੋਂ ਇਲਾਵਾ ਦੁਰਖਾਈਮ ਅਗਸਤ ਕੋਂਤ (1797-1857) ਤੋਂ ਵੀ ਪ੍ਰਭਾਵਤ ਸੀ।

## 7.2 ਦੁਰਖਾਈਮ ਦੀਆਂ ਮੁੱਖ ਲਿਖਤਾਂ :

(i) ਕਿਰਤ ਦੀ ਵੰਡ (Division of Labour - 1893)

(ii) ਆਤਮ ਹੱਤਿਆ (Sucide - 1895)

(iii) ਸਮਾਜ ਵਿਗਿਆਨਕ ਵਿਧੀ ਦੇ ਨਿਯਮ (The Rules of Sociological method-1897)

(iv) ਆਦਿਮ ਵਰਗੀਕਰਨ (Primitive Classification - 1903)

(v) ਧਾਰਮਿਕ ਜੀਵਨ ਦੇ ਮੁੱਢਲੇ ਰੂਪ (The Elementary Forms Religious Life - 1912)

(vi) ਵਿਦਿਆ ਤੇ ਸਮਾਜ-ਵਿਗਿਆਨ (Education and Sociolgy - 1922)

(vii) ਸਮਾਜ ਵਿਗਿਆਨ ਤੇ ਦਰਸ਼ਨ (Sociology and Philosophy - 1924)

(viii) ਨੈਤਿਕ ਵਿਦਿਆ (Moral Education 1938)

(ix) ਫਰਾਂਸ ਦਾ ਵਿਦਿਅਕ ਵਿਕਾਸ (The Pedagogic Evolution in France - 1938)

ਜੇ ਅਸੀਂ ਉਸਦੇ ਸਾਰੇ ਕੰਮ ਨੂੰ ਵੇਖੀਏ ਤਾਂ ਪਤਾ ਲਗਦਾ ਹੈ ਕਿ ਉਸ ਦਾ ਸੰਬੰਧ ਮੁੱਖ ਤੋਰ ਉੱਤੇ ਤਿੰਨ ਬੌਧਿਕ ਸਮੱਸਿਆਵਾਂ ਨਾਲ ਸੀ।

(i) ਸਮਾਜਿਕ ਤੱਥ ਜਾਂ ਸਮਾਜ ਨੂੰ ਅਧਿਐਨ ਕਰਨਾ।

(ii) ਆਧੁਨਿਕ ਸਮਾਜ ਦੇ ਖਾਸੇ ਗ੍ਰਹਿਣ ਕਰਨਾ।

(iii) ਸਮਾਜ-ਵਿਗਿਆਨ ਨੂੰ ਅਨੁਭਵ-ਸਿੱਧ ਆਧਾਰ ਤੇ ਖੜ੍ਹਾ ਕਰਨਾ।

## 7.3 ਸਮਾਜਿਕ ਤੱਥ (Social Facts)

ਦੁਰਖਾਇਮ ਦੀ ਸਮਾਜਿਕ ਤੱਥਾਂ ਦੀ ਵਿਆਖਿਆ ਉਸਦੇ ਸਮਾਜ ਵਿਗਿਆਨ ਦੀ ਸਭ ਤੋਂ ਵੱਧ ਮਹੱਤਵਪੂਰਨ ਧਾਰਨਾ ਹੈ, ਇਸ ਵਿੱਚੋਂ ਉਸ ਦੀ ਕਾਰਜ-ਵਿਧੀ ਜਾਂ ਹੋਰ ਸਮਾਜਕ ਸਿਧਾਂਤਾਂ ਨੂੰ ਵੇਖਿਆ ਜਾ ਸਕਦਾ ਹੈ। ਉਸ ਅਨੁਸਾਰ ਸਮਾਜ-ਵਿਗਿਆਨ ਦਾ ਕੰਮ ਹਰ ਹਾਲ ਵਿੱਚ ਸਮਾਜਿਕ ਤੱਥਾਂ ਦਾ ਅਧਿਐਨ ਕਰਨਾ ਅਤੇ ਇਹਨਾਂ ਸਮਾਜਿਕ ਤੱਥਾਂ ਦੀ ਸਮਾਜ ਵਿਗਿਆਨਕ ਤਰੀਕੇ ਨਾਲ ਵਿਆਖਿਆ ਕਰਨਾ ਹੈ। ਦੁਰਖਾਇਮ ਨੈ ਸੋਸ਼ਿਓਲੋਜੀ ਬਾਰੇ ਜ਼ਿਆਦਾ ਧਿਆਨ ਦੇਣਾ ਉਦੋਂ ਸੁਰੂ ਕੀਤਾ ਜਦੋਂ ਉਹ ਸਮਾਜ ਵਿਗਿਆਨਕ ਵਿਧੀ ਦੇ ਨਿਯਮ (The Rules of Sociological Method - 1895) ਤੇ ਕੰਮ ਕਰ ਰਿਹਾ ਸੀ। ਦੂਰਖਾਇਮ ਦੀ ਸੋਸ਼ਿਓਲੋਜੀ ਦਾ ਆਧਾਰ ਹੀ ਸਮਾਜਿਕ ਤੱਥ ਹਨ। ਦੁਰਖਾਈਮ ਸਮਾਜ-ਸ਼ਾਸ਼ਤਰ ਨੂੰ ਵਾਸਤਵਿਕ ਵਿਗਿਆਨ ਬਣਾਉਣਾ ਚਾਹੁੰਦਾ ਸੀ ਜੋ ਦੂਸਰੇ ਵਿਗਿਆਨਾਂ ਦੇ ਮਾਡਲ ਦੇ ਅਨੁਕੂਲ ਹੋਵੇ ਅਤੇ ਜਿਸਦਾ ਵਿਸ਼ਾ ਸਮਾਜਿਕ ਤੱਥ ਹੋਣ। ਅਜਿਹੀ ਸੋਸ਼ਿਓਲੋਜੀ ਦੀਆਂ ਦੋ ਜ਼ਰੂਰਤਾਂ

ਹੋ ਸਕਦੀਆਂ ਹਨ। ਪਹਿਲੀ ਗੱਲ ਤਾਂ ਸੋਸਿ਼ਓਲੋਜੀ ਦਾ ਵਿਸ਼ੇਸ਼ ਹੋਣਾ ਲਾਜ਼ਮੀ ਹੈ ਜੋ ਦੂਜੇ ਵਿਗਿਆਨਾਂ ਦੇ ਵਿਸਿ਼ਆਂ ਤੋਂ ਭਿੰਨ ਹੋਵੇ ਭਾਵ ਸਮਾਜ ਵਿਗਿਆਨ ਉਹਨਾਂ ਚੀਜ਼ਾਂ ਦਾ ਅਧਿਐਨ ਕਰੇ ਜਿਸ ਦਾ ਅਧਿਐਨ ਬਾਕੀ ਸਮਾਜਕ ਵਿਗਿਆਨ ਨਾ ਕਰਦੇ ਹੋਣ ਤਾਂ ਹੀ ਅਸੀਂ ਇਸ ਦਾ ਦੂਜੇ ਵਿਗਿਆਨਾਂ ਨਾਲੋਂ ਨਿਖੇੜਾ ਕਰ ਸਕਾਂਗੇ। ਸਮਾਜ ਦੀਆਂ ਆਰਥਿਕ ਸਮੱਸਿਆਵਾਂ ਦਾ ਅਧਿਐਨ ਕਰਨ ਲਈ ਅਰਥ ਸਾ਼ਸਤਰ ਹੈ। ਧਾਰਮਿਕ ਸਮੱਸਿਆਵਾਂ ਧਰਮ ਵਿਗਿਆਨ, ਅਤੇ ਰਾਜਨੀਤਿਕ ਸਮੱਸਿਆਵਾਂ ਰਾਜਨੀਤੀ ਸਾ਼ਸ਼ਤਰ ਹੱਲ ਕਰੇ। ਸਮਾਜ ਸਾ਼ਸ਼ਤਰ ਉਹਨਾਂ ਸਮੱਸਿਆਵਾਂ ਬਾਰੇ ਗੱਲ ਕਰੇ ਜਿਸ ਦੀ ਗੱਲ ਦੂਜੇ ਵਿਗਿਆਨ ਨਹੀਂ ਕਰਦੇ। ਦੂਸਰਾ, ਇਹ ਵਿਸ਼ਾ ਅਜਿਹਾ ਹੋਵੇ ਜਿਸ ਦਾ ਨਿਰੀਖਣ ਅਤੇ ਵਿਆਖਿਆ ਉਸੇ ਤਰ੍ਹਾਂ ਕੀਤੀ ਜਾ ਸਕੇ ਜਿਵੇਂ ਤੱਥਾਂ ਦਾ ਨਿਰੀਖਣ ਅਤੇ ਵਿਆਖਿਆ ਦੂਸਰੇ ਵਿਗਿਆਨਾਂ ਵਿੱਚ ਕੀਤੀ ਜਾਂਦੀ ਹੈ। ਇਸ ਸਾਰੀ ਗੱਲ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਮਾਜਿਕ ਤੱਥਾਂ ਨੂੰ ਵਸਤਾਂ ਮੰਨਿਆ ਜਾਵੇ ਅਤੇ ਦੂਸਰਾ ਇਨ੍ਹਾਂ ਸਮਾਜਿਕ ਤੱਥਾਂ ਦੀ ਇਹ ਵਿਸ਼ੇਸਤਾ ਹੁੰਦੀ ਹੈ ਕਿ ਇਹ ਵਿਅਕਤੀਆਂ ਉੱਪਰ ਦਬਾਅ ਦਾ ਕੰਮ ਵੀ ਕਰਦੇ ਹਨ। ਦੁਰਖਾਈਮ ਅਨੁਸਾਰ ਸਮਾਜਿਕ ਤੱਥ ਸਿਰਫ ਆਰਥਿਕ ਸੱਚਾਈਆਂ ਦਾ ਵਰਨਣ ਹੀ ਨਹੀ, ਨਾ ਹੀ ਉਹ ਸਿਰਫ ਮਨੋਵਿਗਿਆਨਕ ਸੱਚਾਈਆਂ ਦਾ ਵਰਨਣ ਹਨ ਉਨ੍ਹਾਂ ਦੀ ਇਕ ਖਾਸ ਵਿਸ਼ੇਸ਼ਤਾ ਹੈ ਜਿਸਦਾ ਵਿਅਕਤੀਗਤ ਸਖਸ਼ੀਅਤਾਂ ਦੇ ਅਧਿਐਨ ਦੁਆਰਾ ਵਿਸ਼ਲੇਸ਼ਣ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਸਮਾਜਿਕ ਤੱਥ ਪਹਿਲੀਆਂ ਅਤੇ ਪ੍ਰਥਮ ਵਸਤਾਂ (things) ਹਨ. ਜਿਨ੍ਹਾਂ ਦੀ ਪ੍ਰਕ੍ਰਿਤੀ ਸਮਾਜਿਕ ਹੈ। ਉਸ ਦਾ ਵਿਚਾਰ ਸੀ ਕਿ ਸਮਾਜਿਕ ਤੱਥਾਂ ਦਾ ਵੀ ਉਹੋ ਜਿਹਾ ਸੁਭਾਅ ਹੈ ਜਿਹੋ ਜਿਹਾ ਕੁਦਰਤੀ ਤੱਥਾਂ ਦਾ। ਜੇਕਰ ਇਹ ਗੱਲ ਪਰਪੱਕ ਹੋ ਜਾਵੇ ਕਿ ਸਮਾਜਿਕ ਤੱਥ ਕੁਦਰਤ ਦੇ ਹੀ ਅੰਗ ਹਨ ਤਾਂ ਫਿਰ ਇਹ ਨਤੀਜਾ ਆਰਾਮ ਨਾਲ ਕੱਢਿਆ ਜਾ ਸਕੇਗਾ ਕਿ ਸਮਾਜ ਵਿਗਿਆਨਕ ਅਧਿਐਨ ਖੇਤਰ ਦੀ ਵੀ ਸਹੀ ਅਨੁਭਵ ਸਿੱਧ ਜਾਂਚ ਹੋਣੀ ਚਾਹੀਦੀ ਹੈ।

ਸੋਚਣ ਦੀ ਗੱਲ ਇਹ ਹੈ ਕਿ ਦੁਰਖਾਇਮ ਜਦੋਂ ਸਮਾਜਿਕ ਤੱਥਾਂ ਨੂੰ 'ਵਸਤਾਂ' ਮੰਨਦਾ ਹੈ ਤਾਂ ਇਸ ਤੋਂ ਉਸ ਦਾ ਕੀ ਭਾਵ ਹੈ? ਦੁਰਖਾਈਮ ਦਾ ਮੱਤ ਸੀ ਕਿ ਅਸੀ 'ਜਾਨਣਾ' (Know) ਸ਼ਬਦ ਦੇ ਵਿਗਿਆਨਕ ਮਤਲਬ ਬਾਰੇ ਬੇਲਾਗ ਹਾਂ। ਸਾਨੂੰ ਪਤਾ ਨਹੀ ਕਿ ਜਿਸ ਸਮਾਜਿਕ ਵਰਤਾਰੇ ਵਿੱਚ ਅਸੀਂ ਰਹਿੰਦੇ ਹਾਂ ਉਹ ਕੀ ਹੈ? ਸਾਨੂੰ ਰਾਜ, ਪ੍ਰਭੂਸੱਤਾ, ਰਾਜਨੀਤਿਕ ਆਜ਼ਾਦੀ, ਲੋਕਤੰਤਰ, ਸਮਾਜਵਾਦ ਆਦਿ ਬਾਰੇ ਕੁਝ ਨਹੀਂ ਪਤਾ। ਇਸ ਦਾ ਇਹ ਮਤਲਬ ਨਹੀਂ ਕਿ ਇਹਨਾਂ ਬਾਰੇ ਕੁਝ ਨਹੀਂ ਜਾਣਦੇ ਹਾਂ ਪਰ ਬਹੁਤ ਅਸਪਸ਼ਟ ਤੇ ਘੱਟ। ਅਸੀਂ ਸਮਾਜਿਕ ਤੱਥਾਂ ਨੂੰ ਵਸਤਾਂ ਮੰਨ ਕੇ ਆਪਣੇ ਆਪ ਨੂੰ ਪ੍ਰੀ-ਧਾਰਨਾਵਾਂ ਅਤੇ ਤਰਫਦਾਰੀਆਂ ਤੋਂ ਬਚਾ ਸਕਦੇ ਹਾਂ ਜੋ ਸਮਾਜਿਕ ਤੱਥਾਂ ਨੂੰ ਵਿਗਿਆਨਕ ਢੰਗ ਨਾਲ ਸੋਚਣ ਦੇ ਰਾਹ ਵਿੱਚ ਰੁਕਾਵਟ ਹਨ। ਸਾਨੂੰ ਸਮਾਜਿਕ ਤੱਥਾਂ ਦਾ ਬਾਹਰੋਂ ਨਿਰੀਖਣ ਕਰਨਾ ਚਾਹੀਦਾ ਹੈ ਜਿਵੇਂ ਅਸੀਂ ਕੁਦਰਤੀ ਤੱਥਾਂ (Natural facts) ਦਾ ਕਰਦੇ ਹਾਂ। ਉਸ ਦਾ ਮੱਤ ਸੀ ਕਿ ਸਮਾਜਿਕ ਵਰਤਾਰੇ ਨੂੰ ਸਿਰਫ ਵਾਸਤਵਿਕ ਅਤੇ ਵਿਗਿਆਨਕ ਖੋਜ ਰਾਹੀਂ ਹੀ ਸਮਝਿਆ ਜਾ ਸਕਦਾ ਹੈ, ਨਾ ਕਿ ਉਨ੍ਹਾਂ ਦੇ ਰੱਖੇ ਗਏ ਨਾਵਾਂ ਦੇ ਮਤਲਬ ਕੱਢ ਕੇ।

ਦੁਰਖਾਇਮ ਦਾ ਸਮਾਜਿਕ ਤੱਥਾਂ, ਇਹਨਾਂ ਦੇ ਨਿਖੇੜ ਤੇ ਹੱਦਬੰਦੀ ਲਈ ਰੱਖੀਆਂ ਕਸੌਟੀਆਂ ਬਾਰੇ ਵਿਚਾਰ ਸੀ ਕਿ ''ਇਹ ਬੜੇ ਨਵੇਕਲੇ ਗੁਣਾਂ ਵਾਲੇ ਤੱਥਾਂ ਦਾ ਵਰਗ ਹੈ। ਇਸ ਵਿੱਚ ਕਰਮ ਕਰਨ, ਸੋਚਣ ਤੇ ਮਹਿਸੂਸ ਕਰਨ ਦੇ ਉਹ ਸਾਰੇ ਢੰਗ ਸ਼ਾਮਿਲ ਹਨ ਜੋ ਵਿਅਕਤੀ ਤੋਂ ਬਾਹਰ ਹਨ, ਤੇ ਜਿਹਨਾਂ ਕੋਲ ਦਬਾਅ ਪਾਉਣ ਦੀ ਸ਼ਕਤੀ ਹੈ ਜਿਸ ਰਾਹੀ ਉਹ ਵਿਅਕਤੀ ਤੇ ਨਿਯੰਤਰਣ ਰੱਖਦੇ ਹਨ। ਸੋਚਣ ਤੇ ਕਰਮ ਦੇ ਇਨ੍ਹਾਂ ਤਰੀਕਿਆਂ ਨੂੰ ਜੀਵ ਵਿਗਿਆਨਕ ਵਰਤਾਰਿਆ ਨਾਲ ਰਲਾਇਆ ਨਹੀਂ ਜਾ ਸਕਦਾ ਕਿਉਂਕਿ ਇਹਨਾਂ ਵਿੱਚ ਪ੍ਰਤੀਕ ਤੇ ਕਰਮ ਸ਼ਾਮਿਲ ਹਨ, ਨਾ ਹੀ ਮਨੋਵਿਗਿਆਨਕ ਵਰਤਾਰਿਆਂ ਨਾਲ ਜੋ ਸਿਰਫ ਵਿਅਕਤੀ ਦੀ ਚੇਤਨਾ ਵਿੱਚ ਵਿਦਮਾਨ ਹਨ। ਉਹ ਤਾਂ ਵਰਤਾਰਿਆਂ ਦੀ ਇਕ ਨਵੀਂ ਵੰਨਗੀ ਹੈ ਤੇ ਉਹਨਾਂ ਵਾਸਤੇ ਹੀ ਪ੍ਰਭਾਸ਼ਿਤ ਸ਼ਬਦ ਉਹਨਾਂ ਨੂੰ ਸੂਤ

ਵੀ ਬਹੁਤ ਬੈਠਦਾ ਹੈ, ਕਿਉਂਕਿ ਇਹ ਸਪਸ਼ਟ ਹੈ, ਕਿ ਜਦ ਉਹਨਾਂ ਦਾ ਸੋਮਾ ਵਿਅਕਤੀ ਹੈ ਹੀ ਨਹੀਂ, ਉਹਨਾਂ ਦਾ ਆਧਾਰ ਸਮਾਜ ਬਿਨਾਂ ਹੋਰ ਹੋ ਨਹੀਂ ਸਕਦਾ.........................ਦੂਜੇ ਪਾਸੇ ਇਹ ਪਰਿਭਾਸ਼ਿਤ ਸ਼ਬਦ 'ਸਮਾਜਕ' ਸਿਰਫ ਉਹਨਾਂ ਤੱਥਾਂ ਵਾਸਤੇ ਹੀ ਰਾਖਵਾਂ ਹੈ, ਜੋ ਸਿਰਫ ਉਹਨਾਂ ਵਰਤਾਰਿਆਂ ਨੂੰ ਆਪਣੀ ਪਕੜ ਵਿੱਚ ਲਵੇ ਜਿਹੜੇ ਪਹਿਲਾਂ ਤੋਂ ਸਥਾਪਿਤ ਤੇ ਵਰਗੀਕ੍ਰਿਤ ਤੱਥਾਂ ਵਿੱਚ ਸ਼ਮਾਲ ਨਹੀਂ ਹਨ। ਸੋਚਣ ਤੇ ਕਰਮ ਕਰਨ ਦੇ ਇਹ ਤਰੀਕੇ ਸਮਾਜ ਵਿਗਿਆਨ ਦਾ ਅਧਿਐਨ ਖੇਤਰ ਤਹਿ ਕਰਦੇ ਹਨ।'' ਇਸ ਪਰਿਭਾਸ਼ਾ ਤੋਂ ਸਮਾਜਿਕ ਤੱਥਾਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਪਤਾ ਲਗਦਾ ਹੈ।

## 7.4 ਸਮਾਜਿਕ ਤੱਥ ਦੀਆਂ ਵਿਸ਼ੇਸ਼ਤਾਈਆਂ :-

(i) ਉਹ ਵਿਅਕਤੀ ਤੋਂ ਬਾਹਰ ਹਨ।

(ii) ਉਹ ਦਬਾਅ ਪਾਉਣ ਜਾਂ ਜਬਰ ਕਰਨ ਦੀ ਸ਼ਕਤੀ ਰੱਖਦੇ ਹਨ।

(iii) ਉਹ ਸਰਵਵਿਆਪਕ ਹਨ।

(iv) ਸਮੂਹਿਕਤਾ ਦੀ ਉਪਜ।

(v) ਸਮਾਜਿਕ ਤੱਥ ਆਪਣੇ ਆਪ ਪੈਦਾ ਹੁੰਦੇ ਹਨ।

(vi) ਸਮੂਹ ਦੇ ਵਧੇਰੇ ਸਮੇਂ ਤੱਕ ਹੋਂਦ ਵਿੱਚ ਰਹਿਣ ਕਰਕੇ ਸਥਿਰ ਰਹਿੰਦੇ ਹਨ।

### 7.4.1 ਬਾਹਰੀਪਨ (Exteriority)

ਸਮਾਜਿਕ ਤੱਥਾਂ ਦੀ ਅਗਲੀ ਵਿਸ਼ੇਸਤਾ ਇਹ ਹੈ ਕਿ ਇਹ ਵਿਅਕਤੀ ਤੋਂ ਬਾਹਰ ਹੁੰਦੇ ਹਨ। ਇਹ ਉਸ ਤੋਂ ਪਹਿਲਾਂ ਵੀ ਤੇ ਬਾਅਦ ਵਿੱਚ ਵੀ ਬਣੇ ਰਹਿੰਦੇ ਹਨ। ਜਦੋਂ ਵਿਅਕਤੀ ਜਨਮ ਲੈਂਦਾ ਹੈ ਉਹ ਆਪਣੇ ਆਪ ਉਹਨਾਂ ਦਾ ਹਿੱਸਾ ਬਣ ਜਾਂਦਾ ਹੈ. ਉਹਨਾਂ ਅਨੁਸਾਰ ਢਲ ਜਾਂਦਾ ਹੈ। ਇਹ ਲੋਕਾਂ ਦੀਆਂ ਆਪਸੀ ਅੰਤਰ ਕ੍ਰਿਆਵਾਂ ਤੋਂ ਜਨਮ ਲੈਂਦੇ ਹਨ ਤੇ ਆਪਣੀ ਵੱਖਰੀ ਹੋਂਦ ਬਣਾ ਲੈਂਦੇ ਹਨ। ਸਮਾਜਿਕ ਤੱਥ ਵਿਸ਼ੇਸ਼ ਹੁੰਦਾ ਹੈ ਇਹ ਲੋਕਾਂ ਦੇ ਸਮੂੱਹ ਜਾਂ ਇਕੱਠ ਵਿਚੋਂ ਉਪਜਦਾ ਹੈ। ਇਹ ਜੋ ਵਿਅਕਤੀਆਂ ਵਿੱਚ ਉਪਜਦਾ ਹੈ ਜਾਂ ਵਿਅਕਤੀਗਤ ਚੇਤਨਤਾ ਵਿੱਚ ਉਪਜਦਾ ਹੈ, ਉਸ ਤੋਂ ਅਲੱਗ ਹੁੰਦਾ ਹੈ। ਉਹ ਮੰਨਦਾ ਹੈ ਕਿ ਸਮਾਜ ਇਕ ਸਚਾਈ ਹੈ ਜੋ ਵਿਅਕਤੀਗਤ ਸਚਾਈ ਤੋਂ ਅਲੱਗ ਹੈ। ਹਰ ਸਮਾਜਿਕ ਤੱਥ ਦੂਸਰੇ ਸਮਾਜਿਕ ਤੱਥ ਦਾ ਨਤੀਜਾ ਹੁੰਦਾ ਹੈ।

### 7.4.2 ਦਬਾਓ (Coercion)

ਉਸਦਾ ਵਿਚਾਰ ਸੀ ਕਿ ਅਸੀਂ ਸਮਾਜਿਕ ਵਰਤਾਰੇ ਨੂੰ ਤਦ ਸਮਝਦੇ ਹਾਂ ਜਦੋਂ ਇਹ ਆਪਣੇ ਆਪ ਨੂੰ ਵਿਅਕਤੀ ਉੱਪਰ ਠੋਸਦਾ ਹੈ। ਇਸ ਦਬਾਓ ਨਾਂਲ ਸੰਬੰਧਤ ਦੁਰਖਾਇਮ ਨੇ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ। ਜਦੋਂ ਇਕ ਇੱਕਠ ਜਾਂ ਭੀੜ ਵਿੱਚ ਕੋਈ ਭਾਵਨਾ ਆਪਣੇ ਆਪ ਨੂੰ ਹਰ ਇਕ ਆਦਮੀ ਉੱਪਰ ਠੋਸਦੀ ਹੈ ਜਾ ਇਕ ਸਮੂਹਿਕ ਪ੍ਰਤਿਕ੍ਰਿਆ, ਉਦਾਹਰਣ ਦੇ ਤੋਰ ਤੇ, ਜਿਵੇਂ ਸਾਰਿਆਂ ਨੂੰ ਹਸਾਉਣਾ। ਦੁਰਖਾਈਮ ਦੀਆਂ ਨਜ਼ਰਾਂ ਵਿੱਚ ਇਹ ਵਰਤਾਰਾ ਸਮਾਜਿਕ ਹੈ ਕਿਉਂਕਿ ਇਸ ਦਾ ਆਧਾਰ ਅਤੇ ਵਿਸ਼ਾ ਸਮੂਹ ਹੁੰਦਾ ਹੈ ਨਾ ਕਿ ਕੋਈ ਇਕ ਵਿਅਕਤੀ। ਇਸੇ ਤਰ੍ਹਾਂ ਫੈਸ਼ਨ ਦੇ ਮਾਮਲੇ ਵਿੱਚ ਹਰ ਵੱਖਰੇ ਸਾਲ ਹਰ ਕੋਈ ਖਾਸ ਤਰੀਕੇ ਨਾਲ ਕਪੜੇ ਪਾਉਂਦਾ ਹੈ ਕਿਉਂਕਿ ਦੂਜੇ ਅਜਿਹਾ ਕਰਦੇ ਹਨ। ਇਹ ਇਕ ਵਿਅਕਤੀਗਤ ਫੈਸਨ ਦਾ ਕਾਰਨ ਨਹੀ ਸਗੋਂ ਸਮਾਜਕ ਹੈ। ਇਸੇ ਤਰ੍ਹਾਂ ਰਾਏ ਦੀ ਲਹਿਰ (Currents of opinion) ਜਿਹੜੀ ਲੋਕਾਂ ਨੂੰ ਵਿਆਹ ਵੱਲ, ਘੱਟ ਜਾਂ ਵੱਧ ਜਨਮ ਦਰ ਵੱਲ ਪ੍ਰੇਰਿਤ ਕਰਦੀ ਹੈ ਜਿਸ ਨੂੰ ਉਸਨੇ ਸਮੂਹਿਕ ਆਤਮਾ (Collective Conscience) ਦੀਆਂ ਹਾਲਤਾਂ ਕਿਹਾ। ਇਹ ਸਾਰੇ ਦਬਾਅ ਹੀ ਹਨ, ਜਿਹੜੇ ਵਿਅਕਤੀ ਨੂੰ ਨਾ ਚਾਹੁੰਦੇ ਹੋਏ ਵੀ ਮੰਨਣੇ ਪੈਂਦੇ ਹਨ। ਦੁਰਖਾਇਮ ਵਿਦਿਅਕ ਸੰਸਥਾਵਾਂ, ਵਿਸ਼ਵਾਸ਼, ਕਾਨੂੰਨ ਆਦਿ ਇਹਨਾਂ ਸਾਰੇ ਤੱਥਾਂ ਨੂੰ ਇੱਕਠਾ ਰੱਖਦਾ ਹੈ ਕਿਉਂਕਿ

ਇਨ੍ਹਾਂ ਵਿੱਚ ਇਕੋ ਜਿਹੀਆਂ ਮੁੱਢਲੀਆਂ ਵਿਸ਼ੇਸ਼ਤਾਵਾਂ ਹਨ। ਇਸ ਤੋਂ ਇਹ ਪਤਾ ਚਲਦਾ ਹੈ ਕਿ ਦਬਾਓ ਜਾਂ ਜਬਰ ਸਮਾਜਿਕ ਤੱਥਾਂ ਦਾ ਅੰਦਰੂਨੀ ਗੁਣ ਹਨ। ਇਸ ਦਾ ਅਹਿਸਾਸ ਉਸ ਵੇਲੇ ਹੋ ਜਾਦਾਂ ਹੈ ਜਦੋਂ ਕੋਈ ਵਿਅਕਤੀ ਸਮਾਜਿਕ ਤੱਥਾਂ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕਰਦਾ ਹੈ।

### 7.4.3 ਵਿਆਪਕਤਾ (Generality)

ਸਮਾਜਿਕ ਤੱਥ ਕਿਸੇ ਸਮਾਜ ਵਿਸ਼ੇਸ਼ ਵਿੱਚ ਵਿਆਪਕ ਹੁੰਦੇ ਹਨ ਤੇ ਉਸ ਸਮਾਜ ਦੇ ਲੋਕ ਆਮ ਤੌਰ ਤੇ ਉਨ੍ਹਾਂ ਸਮਾਜਿਕ ਤੱਥਾਂ ਨੂੰ ਮੰਨਦੇ ਹਨ। ਦੁਰਖਾਈਮ ਦਾ ਇਸ ਬਾਰੇ ਸਪਸਟ ਮੱਤ ਸੀ ਕਿ ਤੱਥ ਸਮਾਜਿਕ ਇਸ ਲਈ ਨਹੀਂ ਹੁੰਦੇ ਕਿ ਉਹ ਵਿਆਪਕ ਹੁੰਦੇ ਹਨ ਸਗੋਂ ਉਹ ਵਿਆਪਕ ਇਸ ਲਈ ਹੁੰਦੇ ਹਨ ਕਿ ਉਹ ਸਮਾਜਿਕ ਜਾਂ ਸਮੂਹਿਕ ਹੁੰਦੇ ਹਨ। ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਮਾਜਿਕ ਤੱਥਾਂ ਦਾ ਸਰਵ-ਵਿਆਪੀ ਹੋਣਾ ਜਰੂਰੀ ਲੱਛਣ ਹੈ ਜਿਵੇਂ ਦੁਰਖਾਇਮ ਕਬੀਲੇ ਦੇ ਧਰਮ ਬਾਰੇ ਟੋਟਮ (ਧਾਰਮਿਕ ਚਿੰਨ੍ਹ) ਦੇ ਸੰਦਰਭ ਵਿੱਚ ਦੱਸਦਾ ਹੈ। ਟੋਟਮ ਕਿਸੇ ਇਕ ਵਿਅਕਤੀ ਦਾ ਨਹੀਂ ਸਗੋਂ ਪੂਰੇ ਸਮੂਹ ਦਾ ਹੈ। ਉਹ ਸਾਰੇ ਸਮੂਹਕ ਰੂਪ ਵਿੱਚ ਇੱਕਠੇ ਹੋ ਕੇ ਧਾਰਮਿਕ ਰਸਮਾਂ ਕਰਦੇ ਹਨ।

### 7.4.4 ਸਮੂਹਿਕਤਾ ਦੀ ਉਪਜ (Cumulative Creation of Man)

ਵਿਸ਼ਵਾਸ਼ ਅਤੇ ਨੈਤਿਕ ਕੋਡ ਇਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤੱਕ ਚਲੇ ਜਾਦੇ ਹਨ ਅਤੇ ਵਿਅਕਤੀਆਂ ਦੁਆਰਾ ਮੰਨੇ ਜਾਂਦੇ ਹਨ। ਵਿਅਕਤੀ ਮਿਲਕੇ ਸਮਾਜ ਬਣਾਉਂਦੇ ਹਨ। ਇਸ ਨੁਕਤੇ ਨਿਗਾਹ ਤੋਂ ਇਹ ਕਿਸੇ ਵਿਅਕਤੀ ਦੀ ਚੇਤਨਾ ਨਹੀਂ ਜੋ ਉਸ ਦੇ ਵਤੀਰੇ ਨੂੰ ਦਿਸ਼ਾ ਪ੍ਰਦਾਨ ਕਰਦਾ ਹੈ. ਸਗੋਂ ਵਿਸ਼ਵਾਸ਼ ਅਤੇ ਭਾਵਨਾਵਾਂ ਹਨ ਜੋ ਮਨੁੱਖ ਨੂੰ ਲਕਸ਼ ਤੇ ਪਹੁੰਚਾਉਂਦੇ ਹਨ ਅਤੇ ਉਸਦੀ ਚੇਤੰਨਤਾ ਨੂੰ ਢਾਲਦੇ ਹਨ। ਦੁਰਖਾਈਮ ਅਨੁਸਾਰ ਸਮਾਜ ਇਕ ਉਹ ਪ੍ਰਬੰਧ ਹੈ ਜਿਸ ਦੇ ਆਪਣੇ ਕਾਨੂੰਨ ਹਨ। ਸਮਾਜਿਕ ਤੱਥਾਂ ਦਾ ਦੋਹਾਂ ਤਰ੍ਹਾਂ ਦਾ ਵਰਣਨ ਸਮਾਜ ਵਿੱਚ ਹੀ ਕੀਤਾ ਜਾ ਸਕਦਾ ਹੈ। ਪਹਿਲੇ ਤਰੀਕੇ ਦਾ ਸੰਬੰਧ ਸਮਾਜਿਕ ਤੱਤਾਂ ਦੇ ਕਾਰਨਾਂ ਨੂੰ ਨਿਰਧਾਰਿਤ ਕਰਨ ਅਤੇ ਇਨ੍ਹਾਂ ਦੀ ਉਤਪਤੀ ਦੀ ਖੋਜ ਦੇ ਵਰਨਣ ਨਾਲ ਹੈ। ਉਸਦੇ ਵਿਚਾਰਾਂ ਅਨੁਸਾਰ, ਸਮਾਜਿਕ ਤੱਥ ਦਾ ਨਿਰਧਾਰਤ ਕਾਰਨ. ਸਮਾਜਕਿ ਤੱਥਾਂ ਵਿੱਚ ਹੀ ਭਾਲਿਆ ਜਾਣਾ ਚਾਹੀਦਾ ਹੈ ਨਾ ਕਿ ਇਸਦੇ ਪੂਰਵਗਾਮੀ ਮਨੁੱਖੀ ਚੇਤਨਤਾਂ ਦੀਆਂ ਹਾਲਤਾਂ ਵਿੱਚੋਂ। ਭਾਵੇਂ ਕਿ ਸਮਾਜਿਕ ਤੱਥਾਂ ਦੀ ਵਿਆਖਿਆ ਦਾ ਸੰਬੰਧ ਇਸ ਦੇ ਸਮਾਜ ਵਿੱਚ ਕੰਮਾਂ ਦੇ ਇਕ ਮਾਧਿਅਮ ਨਾਲ ਸਮਾਜਿਕ ਜੀਵਾਂ ਦੀਆਂ ਆਮ ਜਰੂਰਤਾਂ ਨੂੰ ਇਸ ਦੀ ਦੇਣ ਨਾਲ ਅਤੇ ਸਥਾਪਿਤ ਸਮਾਜਿਕ ਵਿਵਸਥਾ ਵਿਚ ਇਸਦੇ ਕੰਮਾਂ ਨਾਲ ਹੈ। ਸਮਾਜਿਕ ਤੱਥਾਂ ਦੀ ਲਗਾਤਾਰ ਹੋਂਦ ਤੇ ਵਿਆਖਿਆ ਇਸਦੇ ਕੰਮਾਂ ਵਿੱਚ ਪਈ ਹੈ ਇਹ ਇਸ ਦੀ ਸਮਾਜ ਲਈ ਲਾਭਦਾਇਕਤਾ ਹੈ ਇਹ ਇਸ ਲਈ ਲਗਾਤਾਰ ਹੋਂਦ ਵਿੱਚ ਰਹਿੰਦੇ ਹਨ ਕਿਉਂਕਿ ਉਹ ਸਮਾਜ ਦੀ ਸਥਿਰਤਾ ਨੂੰ ਬਣਾਈ ਰੱਖਦੇ ਹਨ ਅਤੇ ਕੁਝ ਸਮਾਜਿਕ ਉਦੇਸ਼ਾਂ ਦੀ ਪੂਰਤੀ ਵਿੱਚ ਸਹਾਈ ਹੁੰਦੇ ਹਨ। ਦੁਰਖਾਈਮ ਦੇ ਕੰਮ ਦਾ ਜ਼ਿਆਦਾ ਸੰਬੰਧ ਕਾਰਜਾਤਮਕ ਅਧਿਐਨ ਨਾਲ ਅਤੇ ਸਮਾਜਿਕ ਤੱਥਾਂ ਦੇ ਕੰਮਾਂ ਨੂੰ ਸਮਝਣ ਨਾਲ ਹੈ।

### 7.4.5 ਆਪਣੇ ਆਪ ਪੈਦਾ ਹੁੰਦੇ ਹਨ (Sui-generis)

ਸਮਾਜਿਕ ਤੱਥਾਂ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਆਪ ਪੈਦਾ ਹੁੰਦੇ ਹਨ। ਸਮੇਂ ਦੇ ਨਾਲ ਬਦਲਦੇ ਹਨ ਤੇ ਨਵੇਂ ਪੈਦਾ ਹੁੰਦੇ ਹਨ।

ਆਪਣਾ ਗਿਆਨ ਪਰਖੋ :

(ੳ) ਸਮਾਜਿਕ ਤੱਥ ਤੋਂ ਕੀ ਭਾਵ ਹੈ।

..........................................................................................................

..........................................................................................................

..........................................................................................................

(ਅ) ਸਮਾਜਿਕ ਤੱਥ ਸਮੂਹਿਕਤਾ ਦੇ ਦੇਣ ਹਨ, ਕਿਵੇਂ?

..........................................................................................................

..........................................................................................................

..........................................................................................................

(ੲ) ਸਮਾਜਿਕ ਤੱਥਾਂ ਦੇ ਬਾਹਰੀਪਨ ਤੋਂ ਕੀ ਭਾਵ ਹੈ?

..........................................................................................................

..........................................................................................................

..........................................................................................................

## 7.5 ਸਮਾਜਿਕ ਤੱਥਾਂ ਦੇ ਅਧਿਐਨ ਦੀ ਵਿਧੀ :

ਦੁਰਖਾਈਮ ਅਨੁਸਾਰ ਉਸਨੇ ਸਮਾਜਿਕ ਤੱਥਾਂ ਨੂੰ ਬਾਗੀ ਅਤੇ ਦਿਸਣਯੋਗ ਵਰਤਾਰੇ ਜਿਵੇਂ ਧਾਰਮਿਕ ਜੁੜਤ. ਵਿਵਹਾਰਿਕ ਰੁੱਤਬਾ, ਆਤਮ-ਹੱਤਿਆਂ ਦਾ ਰੇਟ ਅਤੇ ਆਰਥਿਕ ਕੰਮਾਂ ਆਦਿ ਦਾ ਨਿਰੀਖਣ ਕਰਨ ਤੋਂ ਬਾਅਦ ਇੱਕਠਾ ਕੀਤਾ ਹੈ। ਉਸ ਅਨੁਸਾਰ ਸੰਸਥਾਵਾਂ ਅਮਲੀ ਤੱਥ ਹਨ ਕਿਉਂਕਿ ਉਹਨਾਂ ਦੀ ਵਿਅਕਤੀਗਤ ਹੋਂਦ ਤੋਂ ਇਲਾਵਾ ਬਾਹਰੀ ਹੋਂਦ ਵੀ ਹੈ ਅਤੇ ਆਪਣੀਆਂ ਇਕਾਈਆਂ ਤੇ ਉਨ੍ਹਾਂ ਵਲੋਂ ਰੋਕਾਂ ਲਾਈਆਂ ਹੁੰਦੀਆਂ ਹਨ। ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਸਮਾਜ ਵਿਗਿਆਨ ਸੰਸਥਾਵਾਂ ਦਾ ਗਿਆਨ ਹੈ ਅਤੇ ਸੰਸਥਾਵਾਂ ਸਮਾਜਿਕ ਤੱਥਾਂ ਤੋਂ ਬਣੀਆਂ ਹਨ ਤਾਂ ਇਸ ਦਾ ਭਾਵ ਹੋਇਆ ਕਿ ਸਮਾਜ ਵਿਗਿਆਨ ਮੁੱਢਲੇ ਤੌਰ ਤੇ ਸਮਾਜਿਕ ਤੱਥਾਂ ਦਾ ਅਧਿਐਨ ਕਰਦਾ ਹੈ ਜਿਵੇਂ ਜਨਤਕ, ਨੈਤਿਕ, ਪ੍ਰੀਵਾਰਕ, ਧਰਮ ਪਾਲਣਾ ਅਤੇ ਪੇਸ਼ਾਵਰ ਵਤੀਰੇ ਦੇ ਨਿਯਮ।

ਦੁਰਖਾਈਮ ਦੇ ਸਮਾਜ ਦੇ ਅਧਿਐਨ ਕਰਨ ਦੇ ਮੁੱਢਲੇ ਦ੍ਰਿਸ਼ਮਾਨ ਦੋ ਹੀ ਸਨ. ਇਕ ਵਾਸਤਵਿਕਤਾ ਜਾਂ ਸਾਰ ਅਤੇ ਦੂਜਾ ਤਰੀਕਾ ਦੁਰਖਾਇਮ ਨੇ ਸਮਾਜਿਕ ਤੱਥਾਂ ਦੇ ਅਧਿਐਨ ਲਈ ਜੋ ਤਰੀਕਾ ਜਾਂ ਵਿਧੀ ਅਪਣਾਈ ਹੈ ਉਹ ਇਸ ਪ੍ਰਕਾਰ ਹੈ।

(i) ਜਿਵੇਂ ਕਿ ਉੱਪਰ ਬਿਆਨ ਕੀਤਾ ਜਾ ਚੁੱਕਾ ਹੈ ਕਿ ਦੁਰਖਾਈਮ ਦਾ ਮੱਤ ਸੀ ਕਿ ਤੱਥਾਂ ਨੂੰ ਚੀਜ਼ਾਂ ਵਾਂਗ ਲਿਆ ਜਾਵੇ ਅਤੇ ਸਮਾਜਿਕ ਤੱਥਾਂ ਨੂੰ ਸਮਝਣ ਲਈ ਸਾਨੂੰ ਪੂਰਵ ਧਾਰਨਾਵਾਂ ਨਹੀ ਬਣਾਉਣੀਆਂ ਚਾਹੀਦੀਆਂ। ਸਾਨੂੰ ਸਮਾਜਿਕ ਤੱਥਾਂ ਦੀ ਜਾਂਚ ਕਰਨ ਤੇ ਉਹਨਾਂ ਨੂੰ ਉਸ ਦਿਸ਼ਾ ਤੋਂ ਵਿਚਾਰਨਾ ਚਾਹੀਦਾ ਹੈ ਜਿਹੜਾ ਉਹਨਾਂ ਦੇ ਵਿਅਕਤੀਗਤ ਪ੍ਰਗਟਾਵਿਆਂ ਤੋਂ ਸੁਤੰਤਰ ਹੈ ਜਿਵੇਂ ਕਾਨੂੰਨ ਜਾਂ ਨੈਤਿਕ ਨੇਮ, ਸਮਾਜਿਕ ਰੀਤੀ ਰਿਵਾਜ ਅਤੇ ਅਖੌਤਾਂ। ਸਾਡੇ ਨਿਰੀਖਣ ਦਾ ਵਿਸ਼ਾ-ਵਸਤੂ ਸਮਾਜਿਕ ਵਰਤਾਰਿਆਂ ਦੇ ਸਮੂਹ ਹੋਣੇ ਚਾਹੀਦੇ ਹਨ ਜਿਹਨਾਂ ਦੇ ਕੋਈ ਬਾਹਰੀ ਲੱਛਣ ਹੋਣ।

(ii) ਉਸ ਤੋਂ ਬਾਅਦ ਤੱਥਾਂ ਨੂੰ ਅਲੱਗ ਅਲੱਗ ਵਰਗਾਂ ਵਿੱਚ ਰੱਖਣਾ ਹੁੰਦਾ ਹੈ। ਭਾਵ ਸਮਾਜ ਵਿਗਿਆਨੀ ਨੇ ਬਹੁਤ ਕੁਸ਼ਲਤਾ ਨਾਲ ਵੇਖਣਾ ਹੁੰਦਾ ਹੈ ਕਿ ਤੱਥ ਸਮਾਜ ਦਾ ਸਾਧਾਰਣ ਰੂਪ ਹੈ ਜਾਂ ਅਸਾਧਾਰਣ। ਇਸ ਦਾ ਵੱਖਰੇਵਾਂ ਕਰਨ ਲਈ ਸਮਾਜ ਵਿਗਿਆਨੀ ਨੂੰ ਵੇਖਣਾ ਚਾਹੀਦਾ ਹੈ ਕਿ ਸਧਾਰਣ ਤੱਥ ਸਾਧਾਰਨ ਤਾਂ ਹੋਵੇਗਾ ਜੇ ਉਹ ਸਮਾਜ ਦੇ ਵਿਕਾਸ ਦੀ ਖਾਸ ਸਟੇਜ ਤੇ ਵਿਚਰ ਰਹੇ ਇਕ ਸਮਾਜਿਕ ਕਿਸਮ ਦੇ ਔਸਤ ਸਮਾਜ ਵਿੱਚ ਵਿਚਰਦਾ ਹੋਵੇ ਅਤੇ ਉਸ ਵਰਤਾਰੇ ਦੀ ਵਿਆਪਕਤਾ ਸਮਾਜਿਕ ਕਿਸਮ ਦੇ ਸਮੂਹਕ ਜੀਵਨ ਦੇ ਸਾਧਾਰਨ ਹਾਲਾਤ

ਨਾਲ ਕਿਵੇਂ ਸੰਬੰਧਤ ਹੈ। ਜੋ ਸਮਾਜਿਕ ਤੱਥ ਸਮਾਜਿਕ ਕਿਸਮ ਦੇ ਆਮ ਸਮਾਜ ਵਿੱਚ ਹੋਵੇਗਾ ਉਹ ਸਾਧਾਰਨ ਤੱਥ ਹੋਵੇਗਾ, ਦੂਜਾ ਅਸਾਧਾਰਨ ਤੱਥ ਜਿਵੇਂ ਆਤਮ-ਹੱਤਿਆ।

(iii) ਦੁਰਖਾਈਮ ਅਨੁਸਾਰ ਸਮਾਜਿਕ ਕਿਸਮਾਂ ਦਾ ਵੀ ਵਰਗੀਕਰਨ ਉਨ੍ਹਾਂ ਹੀ ਜ਼ਰੂਰੀ ਹੁੰਦਾ ਜ੍ਹਿਨਾਂ ਤੱਥਾਂ ਦਾ ਸਮਾਜਿਕ ਅਧਿਐਨ। ਸਮਾਜਿਕ ਕਿਸਮਾਂ ਦੇ ਵਰਗੀਕਰਨ ਤੋਂ ਬਿਨਾਂ ਸਮਾਜਿਕ ਤੱਥਾਂ ਨੂੰ ਸਮਝਿਆ ਹੀ ਨਹੀਂ ਜਾ ਸਕਦਾ। ਸਮਾਜਿਕ ਕਿਸਮਾਂ ਦਾ ਵਰਗੀਕਰਨ ਅਸੀਂ ਸਮਾਜਾਂ ਵਿੱਚ ਵੱਖ-ਵੱਖ ਕਿਸਮਾਂ. ਉਹਨਾਂ ਦੀ ਪ੍ਰਕ੍ਰਿਤੀ ਅਤੇ ਸੰਗਠਨ ਦੇ ਆਧਾਰ ਤੇ ਕਰਾਂਗੇ।

(iv) ਉਸ ਤੋਂ ਬਾਅਦ ਤੱਥਾਂ ਦੀ ਵਿਆਖਿਆ ਕਰਨੀ ਹੁੰਦੀ ਹੈ। ਇਸ ਪ੍ਰਕ੍ਰਿਆ ਦੋਰਾਨ ਵੇਖਣਾ ਪਵੇਗਾ ਕਿ ਸਮਾਜਿਕ ਤੱਥ ਨੂੰ ਨਿਰਧਾਰਤ ਕਰਨ ਵਾਲਾ ਉਸ ਤੋਂ ਪਹਿਲਾਂ ਦੇ ਤੱਥ ਵਿੱਚ ਹੈ ਨਾ ਕਿ ਵਿਅਕਤੀਆਂ ਦੀ ਚੇਤਨਾ ਵਿਚ। ਜਿਵੇਂ ਕਿ ਉੱਪਰ ਦਸਿਆ ਗਿਆ ਹੈ ਕਿ ਸਮਾਜਿਕ ਤੱਥਾਂ ਦੀ ਉਤਪਤੀ ਪਿਛਲੇ ਸਮਾਜਿਕ ਤੱਥਾਂ ਵਿੱਚੋਂ ਹੀ ਹੁੰਦੀ ਹੈ। ਫਿਰ ਇਹ ਵੇਖਣਾ ਬਣਦਾ ਹੈ ਕਿ ਸਮਾਜਿਕ ਤੱਥ ਦਾ ਉਸ ਦੇ ਲਕਸ਼ ਨਾਲ ਕੀ ਸੰਬੰਧ ਹੈ। ਸਮੂਹ ਦੀ ਅੰਦਰਲੀ ਬਣਤਰ ਕਿਹੋ ਜਿਹੀ ਹੈ।

(v) ਜਦੋਂ ਅਸੀਂ ਦੁਰਖਾਇਮ ਦੀ ਕਾਰਜ-ਕਾਰਨ ਵਿਆਖਿਆ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਮਤਲਬ ਇਹ ਹੈ ਕਿ ਕਾਰਨ ਤੋਂ ਭਾਵ ਸਮਾਜਿਕ ਵਰਤਾਰਿਆਂ ਦੇ ਕਾਰਨ ਤੇ ਉਤਪਤੀ ਬਾਰੇ ਖੋਜ ਕਰਨੀ ਜੋ ਕਿ ਪਹਿਲੇ ਵਰਤਾਰਿਆਂ ਵਿੱਚੋ ਹੋ ਸਕਦੀ ਹੈ। ਉਸਦੇ ਕਾਰਨ ਜਾਂ ਕਾਰਜ ਦੀ ਵਿਆਖਿਆਂ ਤੋਂ ਭਾਵ ਅਗਾਂਹ ਵੱਲ ਸੰਕੇਤ ਹੈ। ਸਮਾਜਿਕ ਤੱਥਾਂ ਦੇ ਕਾਰਜ ਦੇ ਸਮਾਜ ਨੂੰ ਫਾਇਦੇਮੰਦ ਹੋਣ ਉਹਨਾਂ ਨਤੀਜਿਆਂ ਦੀ ਭਾਲ ਕਰਦਾ ਹੈ। ਉਸ ਤੋਂ ਬਾਅਦ ਸਮਾਜ ਵਿਗਿਆਨਕ ਪ੍ਰਮਾਣਾਂ ਦੀ ਸਥਾਪਨਾ ਕੀਤੀ ਜਾਂਦੀ ਹੈ ਜੋ ਤੁਲਨਾਤਮਕ ਵਿਧੀ ਅਪਣਾਏ ਬਿਨਾਂ ਅਸੰਭਵ ਹੈ।

## 7.6 ਸਾਰ

ਉਪਰੋਕਤ ਵਿਸ਼ਲੇਸ਼ਣ ਵਿੱਚ ਸਮਾਜਿਕ ਤੱਥਾਂ ਦੀ ਪਰਿਭਾਸ਼ਾ ਅਤੇ ਸੰਕਲਪ ਬਾਰੇ ਖੋਲ੍ਹ ਕੇ ਦੱਸਿਆ ਗਿਆ ਹੈ। ਸਮਾਜਿਕ ਤੱਥਾਂ ਦੇ ਲੱਛਣਾਂ ਅਤੇ ਸਮਾਜਿਕ ਤੱਥਾਂ ਨੂੰ ਸਮਝਣ ਵਾਲੀ ਵਿਗਿਆਨਕ ਵਿਧੀ ਦੀ ਵੀ ਬਹੁਤ ਵਿਸਥਾਰ ਵਿੱਚ ਚਰਚਾ ਕੀਤੀ ਗਈ । ਇਸ ਤੋਂ ਇਲਾਵਾ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਸਾਧਾਰਨ ਤੱਥ ਕੀ ਹੁੰਦੇ ਹਨ ਅਤੇ ਅਸਾਧਾਰਨ ਤੱਥ ਕੀ ਹੁੰਦੇ ਹਨ। ਸਮਾਜਿਕ ਤੱਥਾਂ ਦਾ ਅਧਿਐਨ ਕਿਵੇਂ ਕੀਤਾ ਜਾ ਸਕਦਾ ਹੈ?

## 7.7 ਅਭਿਆਸ ਲਈ ਪ੍ਰਸ਼ਨ

1. ਸਮਾਜਿਕ ਤੱਥ ਕੀ ਹੁੰਦੇ ਹਨ? ਇਨ੍ਹਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ?
2. ਜਦੋਂ ਦੁਰਖਾਈਮ ਸਮਾਜਿਕ ਤੱਥਾਂ ਨੂੰ ਵਸਤਾਂ ਮੰਨਦਾ ਹੈ ਇਸ ਤੋਂ ਉਸਦਾ ਕੀ ਭਾਵ ਹੈ?

### ਸੰਖੇਪ ਸਵਾਲ :-

(ੳ) ਸਮਾਜਿਕ ਤੱਥਾਂ ਤੋਂ ਕੀ ਭਾਵ ਹੈ?

(ਅ) ਕੀ ਸਮਾਜਿਕ ਤੱਥ ਵਿਅਕਤੀਆਂ ਉਪਰ ਦਬਾਅ ਪਾਉਣ ਦੀ ਸ਼ਕਤੀ ਰੱਖਦੇ ਹਨ?

(ੲ) ਸਮਾਜਿਕ ਤੱਥ ਦੀਆਂ ਵਿਸ਼ੇਸ਼ਤਾਈਆਂ ਦੱਸੋ।

## 7.8 ਉਪਯੋਗੀ ਪੁਸਤਕਾਂ


1. Emile Durkheim, The Elementary Forms of Religious Life, New York, Free Press, 1965.
2. Robert Nisbet, The Sociology of Emile Durkheim, New York, Oxford University Press, 1974.
3. Abraham Francis and Morgan, John Henry, Sociological Thought from Comte to Sorokin, Macmillan India, Delhi, 1985.
4. Jammu and Bhatnagar : "Samaj Vigianak Sidhant' : Punjabi University, Patiala.
5. P.S. Judge : Samaj Vigianak Drishtikon Ate Sidhant, Punjabi University, Patiala.

**ਪਾਠ ਨੰਬਰ : 2.2** **ਲੇਖਕ : ਡਾ. ਪਲਵਿੰਦਰ ਸਿੰਘ**

# ਇਮਾਈਲ ਦੁਰਖਾਈਮ
# (ਸਮਾਜਿਕ ਇਕਜੁੱਟਤਾ, ਕਿਰਤ ਵੰਡ ਅਤੇ ਆਤਮ ਹੱਤਿਆ)

**ਬਣਤਰ**


8.0 ਉਦੇਸ਼

8.1 ਜਾਣ ਪਛਾਣ

8.2 ਸਮਾਜਿਕ ਇਕਜੁੱਟਤਾ

8.3 ਕਿਰਤ ਵੰਡ

8.4 ਆਤਮ ਹੱਤਿਆ

8.5 ਆਤਮ ਹੱਤਿਆ ਦੀਆਂ ਕਿਸਮਾਂ

8.5.1 ਹਾਉਮੈਵਾਦੀ ਆਤਮਹੱਤਿਆ

8.5.2 ਪਰਸੁਆਰਥੀ ਆਤਮਹੱਤਿਆ

8.5.3 ਅਨੋਮੀ ਆਤਮਹੱਤਿਆ

8.5.4 ਹੋਣੀਵਾਦੀ ਆਤਮਹੱਤਿਆ

8.6 ਸਾਰ

8.7 ਅਭਿਆਸ ਲਈ ਪ੍ਰਸ਼ਨ

8.8 ਉਪਯੋਗੀ ਪੁਸਤਕਾਂ


## 8.0 ਉਦੇਸ

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਨਿਮਨ ਲਿਖਤ ਗੱਲਾਂ ਦੀ ਜਾਣਕਾਰੀ ਹਾਸਿਲ ਹੋਵੇਗੀ।

- ਤੁਸੀਂ ਸਮਾਜਿਕ ਇਕਜੁੱਟਤਾ ਦੇ ਸੰਕਲਪ ਨੂੰ ਜਾਣ ਸਕੋਗੇ।
- ਇਮਾਈਲ ਦੁਰਖਾਈਮ ਦੇ ਕਿਰਤ ਵੰਡ ਬਾਰੇ ਵਿਚਾਰਾਂ ਨੂੰ ਬਿਆਨ ਕਰ ਸਕੋਗੇ।
- ਆਤਮ ਹੱਤਿਆਂ ਨਿੱਜੀ ਵਰਤਾਰਾ ਹੈ ਜਾਂ ਸਮਾਜਿਕ ਇਸ ਤੇ ਖੁੱਲ੍ਹ ਕੇ ਚਰਚਾ ਕਰਨ ਦੇ ਯੋਗ ਹੋਵੋਗੇ।
- ਆਤਮ ਹੱਤਿਆਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕੋਂਗੇ।

## 8.1 ਜਾਣ ਪਛਾਣ

ਪਿਛਲੇ ਪਾਠ ਵਿੱਚ ਅਸੀਂ ਇਮਾਈਲ ਦੁਰਖਾਇਮ ਦੁਆਰਾ ਦਿੱਤੇ ਸਮਾਜਿਕ ਤੱਥ ਦੇ ਸੰਕਲਪ ਦੀ ਜਾਣਕਾਰੀ ਹਾਸਿਲ ਕੀਤੀ ਹੈ। ਇਸ ਪਾਠ ਵਿੱਚ ਅਸੀਂ ਵੇਖਾਂਗੇ ਕਿ ਇਮਾਇਲ ਦੁਰਖਾਇਮ ਨੇ ਸਮਾਜਿਕ ਇਕਜੁੱਟਤਾ ਨੂੰ ਕਿਵੇ

ਬਿਆਨ ਕੀਤਾ ਹੈ। ਉਸ ਅਨੁਸਾਰ ਸਮਾਜਿਕ ਇਕਜੁੱਟਤਾ ਕਿਰਤ ਵੰਡ ਨਾਲ ਸਿਧੇ ਤੌਰ ਤੇ ਸੰਬੰਧਤ ਹੈ। ਦੁਰਖਾਈਮ ਅਨੁਸਾਰ ਸਮਾਜਿਕ ਏਕਤਾ ਸਮੂਹਿਕ ਚੇਤਨਤਾ (Collective Consciousness) ਦਾ ਸਿੱਟਾ ਹੈ। ਹਰੇਕ ਸਮਾਜ ਵਿੱਚ ਕੁਝ ਇਸ ਤਰ੍ਹਾਂ ਦੇ ਵਿਸ਼ਵਾਸ, ਵਿਚਾਰ ਧਾਰਾਵਾਂ, ਧਾਰਨਾਵਾਂ ਜਾਂ ਭਾਵਨਾਵਾਂ ਮੌਜੂਦ ਹੁੰਦੀਆਂ ਹਨ ਜਿਨ੍ਹਾਂ ਨੂੰ ਉਸ ਸਮਾਜ ਦੇ ਸਾਰੇ ਵਿਅਕਤੀ ਸਵੀਕਾਰਦੇ ਹਨ। ਇਨ੍ਹਾਂ ਪਿੱਛੇ ਸਮੂਹਿਕ ਸਹਿਮਤੀ ਹੁੰਦੀ ਹੈ ਇਸੇ ਲਈ ਹਰੇਕ ਵਿਅਕਤੀ ਇਨ੍ਹਾਂ ਨੂੰ ਮੰਨਦਾ ਹੈ। ਇਹ ਸਮੂਹਿਕ ਚੇਤਨਾ ਸਮਾਜ ਦੇ ਸਾਰੇ ਵਿਅਕਤੀਆਂ ਨੂੰ ਇਕ ਖਾਸ ਢੰਗ ਨਾਲ ਵਿਵਹਾਰ ਕਰਨ ਲਈ ਪ੍ਰੇਰਦੀ ਹੈ ਅਤੇ ਉਨ੍ਹਾਂ ਨੂੰ ਇਕ ਲੜੀ ਵਿੱਚ ਬੰਨ੍ਹਕੇ ਰੱਖਦੀ ਹੈ। ਇਹੀ ਕਾਰਨ ਹੈ ਕਿ ਦੁਰਖਾਈਮ ਸਮੂਹਿਕ ਚੇਤਨਾ ਨੂੰ ਸਮਾਜਿਕ ਇਕਜੁੱਟਤਾ ਦਾ ਕਾਰਨ ਮੰਨਦਾ ਹੈ। ਉਸ ਅਨੁਸਾਰ ਇਹ ਸਮਾਜਿਕ ਇਕੱਜੁਟਤਾ ਪ੍ਰਤੱਖ ਰੂਪ ਵਿੱਚ ਕਿਰਤ ਵੰਡ ਨਾਲ ਸੰਬੰਧਿਤ ਹੈ। ਪੁਰਾਤਨ ਜਾਂ ਮੁੱਢਲੇ ਸਮਾਜਾਂ ਵਿੱਚ ਕਿਰਤ ਵੰਡ ਲਿੰਗ ਅਤੇ ਉਮਰ ਤੇ ਆਧਾਰਿਤ ਸੀ ਪਰ ਮੌਜੂਦਾ ਸਮਾਜਾਂ ਵਿੱਚ ਇਹ ਵਿਸ਼ੇਸ਼ੀਕਰਨ (Specialization) ਤੇ ਆਧਾਰਿਤ ਹੈ। ਜਿਵੇਂ ਜਿਵੇਂ ਸਮਾਜ ਸਾਧਾਰਨ ਤੋਂ ਜਟਿਲ ਹੁੰਦੇ ਜਾ ਰਹੇ ਹਨ ਉਸੇ ਤਰ੍ਹਾਂ ਕਿਰਤ ਵੰਡ ਵੀ ਜ਼ਿਆਦਾ ਸੂਖਮ, ਜਟਿਲ ਵਿਸਤ੍ਰਿਤ ਹੁੰਦੀ ਜਾ ਰਹੀ ਹੈ। ਇਸ ਦੇ ਨਾਲ ਹੀ ਸਮਾਜਿਕ ਇਕਜੁੱਟਤਾ ਵੀ ਮਕੈਨੀਕਲ ਭਾਵ ਮਸ਼ੀਨੀ ਏਕੇ ਤੋਂ ਔਰਗੈਨਿਕ ਜਾਂ ਸਜੀਵੀ ਏਕੇ ਵੱਲ ਵੱਧ ਰਹੀ ਹੈ। ਆਤਮ-ਨਿਰਭਰਤਾ ਦੀ ਥਾਂ ਅੰਤਰ-ਨਿਰਭਰਤਾ ਵੱਲ (Inter-dependence) ਵੱਧਦੀ ਜਾ ਰਹੀ ਹੈ।

ਅੱਗੇ ਚੱਲਕੇ ਇਮਾਈਲ ਦੁਰਖਾਇਮ ਨੇ ਆਤਮ-ਹੱਤਿਆ ਦੇ ਤੱਥ ਨੂੰ ਪੇਸ਼ ਕੀਤਾ ਹੈ। ਉਹ ਲਿਖਦਾ ਹੈ ਕਿ ਸਾਡੇ ਸਮਾਜ ਵਿੱਚ ਕੁਝ ਰੋਗਮਈ ਲੱਛਣ ਹੁੰਦੇ ਹਨ ਜਿਨ੍ਹਾਂ ਕਰਕੇ ਆਤਮ-ਹੱਤਿਆ ਵਾਪਰਦੀ ਹੈ। ਇਹ ਸਮਾਜਿਕ ਪ੍ਰਤੀਮਾਨਾਂ ਦੀ ਗੈਰ-ਹਾਜ਼ਰੀ ਜਾਂ ਉਨ੍ਹਾਂ ਦੇ ਟੁੱਟਣ ਨਾਲ ਹੁੰਦਾ ਹੈ ਜਿਵੇਂ ਸਮਾਜ ਵਿੱਚ ਜਦੋਂ ਦਾਜ ਦਾ ਲਾਲਚ ਵੱਧ ਜਾਂਦਾ ਹੈ, ਸਮਾਜ ਇਸ ਲਈ ਕੁਝ ਨਹੀਂ ਕਰਦਾ ਤਾਂ ਹੀ ਔਰਤਾਂ ਦਾਜ ਦੀ ਬਲੀ ਚੜ੍ਹਦੀਆਂ ਤੇ ਆਤਮ-ਹੱਤਿਆ ਕਰਦੀਆਂ ਹਨ। ਦੁਰਖਾਈਮ ਅਨੁਸਾਰ ਆਤਮ-ਹੱਤਿਆ ਨਿਜੀ ਨਹੀਂ ਬਲਕਿ ਇਕ ਸਮਾਜਿਕ ਤੱਥ ਹੈ, ਇਸ ਦੇ ਸਮਾਜਿਕ ਕਾਰਨ ਹੁੰਦੇ ਹਨ ਜੋ ਉਸ ਵਿਅਕਤੀ ਨੂੰ ਆਤਮ-ਹੱਤਿਆ ਕਰਨ ਲਈ ਮਜ਼ਬੂਰ ਕਰਦੇ ਹਨ। ਇਸ ਤੱਥ ਨੂੰ ਉਸਨੇ ਵੱਖ ਵੱਖ ਕਿਸਮ ਦੀਆਂ ਆਤਮ-ਹੱਤਿਆ ਦੀਆਂ ਕਿਸਮਾਂ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ।

## 8.2 ਸਮਾਜਿਕ ਇਕਜੁੱਟਤਾ (Social Solidarity)

ਇਹ ਇਮਾਈਲ ਦੁਰਖਾਇਮ ਦਾ ਪੀ. ਐਚ. ਡੀ. ਦਾ ਥੀਸਿਸ ਅਤੇ ਉਸਦੀ ਪਹਿਲੀ ਪੁਸਤਕ ਸੀ। ਇਸ ਪੁਸਤਕ ਵਿੱਚ ਅਗਸਤ ਕੌਂਤ ਦਾ ਪ੍ਰਭਾਵ, ਉਸ ਉੱਪਰ ਸਪਸ਼ਟ ਨਜ਼ਰ ਆਉਂਦਾ ਹੈ। ਇਸ ਪੁਸਤਕ ਵਿੱਚ ਉਸ ਦਾ ਸਰੋਕਾਰ ਇਸ ਗੱਲ ਨਾਲ ਸੀ ਕਿ ਵਿਅਕਤੀਆਂ ਦਾ ਸਮੂਹਕਤਾ ਨਾਲ ਕੀ ਰਿਸ਼ਤਾ ਹੁੰਦਾ ਹੈ। ਵਿਅਕਤੀਆਂ ਦੀ ਬਹੁਲਤਾ, ਜਾਂ ਅਨੇਕਤਾ ਕਿਵੇਂ ਸਮਾਜ ਬਣਾਉਂਦੀ ਹੈ ਅਤੇ ਵਿਅਕਤੀ ਸਮਾਜਿਕ ਹੋਂਦ ਦੀਆਂ ਹਾਲਤਾਂ ਨੂੰ ਕਿਵੇ ਪ੍ਰਾਪਤ ਕਰਦੇ ਹਨ। ਇਸ ਦੇ ਜਵਾਬ ਵਾਸਤੇ ਉਸ ਨੇ ਏਕੇ ਵਿੱਚ ਫਰਕ ਕੀਤਾ ਦੁਰਖਾਈਮ ਅਨੁਸਾਰ ਸਮਾਜਿਕ ਇਕਜੁੱਟਤਾ ਜਾਂ ਏਕਾ ਦੋ ਕਿਸਮ ਦਾ ਹੁੰਦਾ ਹੈ।

(i) ਮਕਾਨਕੀ ਏਕਾ (Mechanical Solidarity)

(ii) ਆਂਗਿਕ ਏਕਾ (Organic Solidarity)

ਉਸ ਦਾ ਮੱਤ ਸੀ ਕਿ ਸਮਾਜਿਕ ਵਿਕਾਸ ਦਾ ਪਤਾ ਇਥੋਂ ਲੱਗਦਾ ਹੈ ਜਦੋਂ ਸਮਾਜ ਸਰਲ ਆਦਿਮ ਸਮਾਜ ਤੋਂ ਆਧੁਨਿਕ ਜਟਿਲ ਜਾਂ ਸਭਿਆ ਸਮਾਜ ਵੱਲ ਵੱਧਦਾ ਹੈ। ਮਕਾਨਕੀ ਏਕੇ ਨੂੰ ਉਸ ਨੇ ਅਨਰੂਪਤਾ ਜਾਂ ਸਮਰੂਪਤਾ

ਦਾ ਏਕਾ ਕਿਹਾ। ਲੋਕ ਮਾਨਸਿਕ ਤੌਰ ਤੇ ਵੀ ਸਮਰੂਪ ਹੁੰਦੇ ਹਨ। ਉਹ ਇਕੋ ਜਿਹੀਆਂ ਭਾਵਨਾਵਾਂ ਦਾ ਅਨੁਭਵ ਕਰਦੇ ਹਨ. ਇਕੋ ਜਿਹੀਆਂ ਕਦਰਾਂ-ਕੀਮਤਾਂ ਮਾਣਦੇ ਹਨ ਉਹਨਾਂ ਦਾ ਸਾਂਝਾ ਧਰਮ ਹੁੰਦਾ ਹੈ। ਅਜਿਹੇ ਸਮਾਜਾਂ ਵਿੱਚ ਰਵਾਇਤ ਦੀ ਭੂਮਿਕਾ ਅਹਿਮ ਹੁੰਦੀ ਹੈ। ਅਜਿਹੇ ਸਮਾਜਾਂ ਵਿੱਚ ਸਮੂਹਿਕ ਵਿਵੇਕ ਭਾਰੂ ਹੈ। ਸਾਂਝੇ ਵਿਵੇ ਕ ਵਿਰੁੱਧ ਜੁਰਮ ਨੂੰ ਇਕ ਅਪਰਾਧ ਸਮਝਿਆ ਜਾਂਦਾ ਹੈ। ਅਜਿਹੇ ਸਮਾਜਾਂ ਵਿੱਚ ਦਮਨਕਾਰੀ ਕਾਨੂੰਨ (Repressive Laws) ਹੁੰਦਾ ਹੈ ਜੋ ਸਾਂਝੀਆਂ ਭਾਵਨਾਵਾਂ ਦੀ ਸ਼ਕਤੀ ਦਾ ਪ੍ਰਗਟਾਵਾ ਕਰਨ ਲਈ ਸਜਾ ਨੂੰ ਕਈ ਗੁਣਾ ਵਧਾ ਦਿੰਦਾ ਹੈ। ਅਜਿਹਾ ਸਮਾਜ ਸਭਿਆਚਾਰਕ ਸਮਰੂਪਤਾ ਦੇ ਮਕਾਨਕੀ ਏਕੇ ਉਤੇ ਆਧਾਰਿਤ ਸੀ। ਸਰਲ ਸਮਾਜਾਂ ਵਿੱਚ ਕਿਰਤ ਦੀ ਵੰਡ ਬਹੁਤ ਸਾਦੀ ਸੀ ਕਿਉਂਕਿ ਲੋਕ ਜ਼ਿਆਦਾ ਸਮਰੂਪ ਹੁੰਦੇ ਸਨ। ਉਹਨਾਂ ਦੀ ਲੋਕਮੱਤ ਤੇ ਰੂੜ੍ਹੀਵਾਦਤਾ ਵੱਲ ਬਹੁਤ ਸ਼ਰਧਾ ਸੀ। ਸਰਲ ਸਮਾਜਾਂ ਵਿੱਚ ਨੈਤਿਕ ਤੇ ਕਾਨੂੰਨੀ ਜ਼ਿੰਮੇਵਾਰੀ ਸਭ ਦੀ ਸਾਂਝੀ ਹੁੰਦੀ ਹੈ।

ਆਂਗਿਕ ਏਕਾ ਆਧੁਨਿਕ ਸਮਾਜਾਂ ਵਿੱਚ ਵਿਅਕਤੀਆਂ ਵਿੱਚੋਂ ਸਮਰੂਪਤਾ ਤੋਂ ਨਹੀਂ ਸਗੋਂ ਵੱਖਰੇਵਿਆਂ ਵਿਚੋਂ ਉਜਾਗਰ ਹੁੰਦਾ ਹੈ। ਅਜਿਹੇ ਸਮਾਜਾਂ ਵਿੱਚ ਵਿਅਕਤੀ ਇਕੋ ਜਿਹੇ ਨਹੀਂ ਸਗੋਂ ਅਲੱਗ ਅਲੱਗ ਹੁੰਦੇ ਹਨ। ਵਿਸ਼ੇਸ਼ਤਾ ਕੰਮ ਵਿੱਚ ਨਿਪੁੰਨਤਾ, ਕਿਰਤ ਵੰਡ ਅਤੇ ਵਿਅਕਤੀਵਾਦ ਹੁੰਦੀ ਹੈ। ਇਹਨਾਂ ਵਿੱਚ ਇਕਜੁੱਟਤਾ ਦਾ ਕਾਰਨ ਵੱਖ-ਵੱਖ ਤੱਤਾਂ ਵਿੱਚ ਇਕਸੁਰਤਾ ਨਹੀ ਬਲਕਿ ਉਨ੍ਹਾਂ ਵਿੱਚ ਆਪਸੀ ਨਿਰਭਰਤਾ ਤੇ ਨਿਰਭਰ ਕਰਦਾ ਹੈ। ਇਸ ਦੀ ਵਿਸ਼ੇਸਤਾ ਇਹ ਵੀ ਹੁੰਦੀ ਹੈ ਕਿ ਇਸ ਵਿੱਚ ਸਮੂਹਿਕ ਵਿਵੇਕ ਦੀ ਕਮਜ਼ੋਰੀ ਅਤੇ ਬਹਾਲਕਾਰੀ ਕਾਨੂੰਨ (Restitutive Laws) ਹੁੰਦੇ ਹਨ। ਕਿਰਤ ਦੀ ਵੰਡ ਦਾ ਹੋਂਦ ਵਿੱਚ ਆਉਣ ਦਾ ਕਾਰਨ ਸ਼ਹਿਰੀਕਰਨ ਆਵਾਜਾਈ ਦੇ ਸਾਧਨਾਂ, ਸੰਚਾਰ ਦੇ ਸਾਧਨਾਂ ਅਤੇ ਸਨਅਤੀਕਰਨ ਵਿੱਚ ਵਾਧਾ ਸੀ, ਜਿਸ ਕਰਕੇ ਲੋਕਾਂ ਵਿੱਚ ਅਸਮਾਨਤਾ ਵਧਦੀ ਗਈ ਅਤੇ ਇਕ ਦੂਜੇ ਦੇ ਉੱਪਰ ਨਿਰਭਰ ਹੁੰਦੇ ਗਏ। ਦੁਰਖਾਈਮ ਦਾ ਮੱਤ ਸੀ ਕਿ ਸਮਾਜਿਕ ਵਿਕਾਸ ਦਾ ਕਾਰਨ ਆਦਮੀ ਵਲੋਂ ਸੁਖ ਦੀ ਤਲਾਸ਼ ਨਹੀ ਜਨ-ਸੰਖਿਆ ਵਿੱਚ ਵਾਧੇ ਤੋਂ ਉਪਜੇ ਸਿੱਟਿਆਂ ਕਰਕੇ ਹੁੰਦਾ ਹੈ। ਵਸੋਂ ਵਿੱਚ ਵਾਧਾ ਕਿਰਤ ਵੰਡ ਨੂੰ ਵਧਾਉਂਦਾ ਹੈ ਜਿਸ ਨਾਲ ਕਿਰਤ ਦੇ ਵਿਸੇਸ਼ੀਕਰਣ (Specilization) ਵਿਚ ਵੀ ਵਾਧਾ ਹੁੰਦਾ ਹੈ। ਇਹ ਕਿਰਿਆਵਾਂ ਅੱਡ ਅੱਡ ਕਿਰਤੀਆਂ ਨੂੰ ਇਕ ਦੂਜੇ ਤੋਂ ਜੇ ਨਿਖੇੜਦੀਆਂ ਹਨ ਤਾਂ ਇਕ ਦੂਜੇ ਤੇ ਨਿਰਭਰ ਵੀ ਕਰਵਾਉਂਦੀਆਂ ਹਨ। ਇਸ ਸਦਕਾ ਇਕ ਨਵੇਂ ਕਿਸਮ ਦੀ ਇਕੱਜੁਟਤਾ ਪੈਦਾ ਹੁੰਦੀ ਹੈ ਜਿਸ ਨੂੰ ਦੁਰਖਾਇਮ ਆਂਗਿਕ ਏਕਾ ਕਹਿੰਦਾ ਹੈ। ਉਹ ਇਕ ਦੂਜੇ ਦੀਆਂ ਸੇ ਵਾਵਾਂ ਤੇ ਨਿਰਭਰ ਹੁੰਦੇ ਹਨ। ਬਹਾਲਕਾਰੀ ਕਾਨੂੰਨਾਂ (Restitutive Laws) ਦਾ ਕੰਮ. ਜੋ ਵਿਅਕਤੀ ਕੋਲੋਂ ਖੋਹ ਲਿਆ ਗਿਆ ਉਸ ਨੂੰ ਬਹਾਲ ਕਰਵਾਉਣਾ ਹੈ। ਇਹਨਾਂ ਸਮਾਜਾਂ ਵਿਚ ਜੇ ਵਿਅਕਤੀਵਾਦ ਦਾ ਅਰਥ ਹਉਮੈਵਾਦ ਨਹੀਂ ਤਾਂ ਤਤਕਾਲੀ ਇੱਛਾਵਾਂ ਦੀ ਪੂਰਤੀ ਦੀ ਬੇਰੋਕ ਖੁਲ੍ਹ ਦਾ ਨਾਂ ਵੀ ਨਹੀਂ। ਵਿਅਕਤੀਵਾਦ ਦਾ ਅਰਥ ਹੈ, ਇਕ ਚੇਤੰਨ ਨੈਤਿਕ ਦ੍ਰਿਸ਼ਟੀਕੋਣ ਜਿਸ ਅਨੁਸਾਰ ਹਰ ਵਿਅਕਤੀ ਦਾ ਫਰਜ਼ ਹੈ ਕਿ ਉਹ ਆਪਣੇ ਵਿਅਕਤੀਤਵ ਦਾ ਵਿਕਾਸ ਕਰੇ, ਕੁਸ਼ਲਤਾ ਹਾਸਿਲ ਕਰੇ ਤੇ ਸਮਾਜਿਕ ਕਲਿਆਣ ਵਿੱਚ 'ਆਪਣਾ ਹਿੱਸਾ ਪਾਵੇ।

ਦੁਰਖਾਈਮ ਅਨੁਸਾਰ ਸਰਲ ਤੇ ਆਧੁਨਿਕ ਸਮਾਜਾਂ ਵਿੱਚ ਮੁੱਢਲਾ ਫਰਕ ਉਹਨਾ ਦੇ ਸਮਾਜਿਕ ਤੇ ਨੈਤਿਕ ਏ ਕੇ ਦੇ ਸੁਭਾਅ ਵਿੱਚ ਹੈ, ਜਿਹੜਾ ਉਹਨਾਂ ਦੇ ਕਾਨੂੰਨੀ, ਨੇਮਾਂ ਵਿੱਚੋਂ ਉਜਾਗਰ ਹੁੰਦਾ ਹੈ। ਦੁਰਖਾਇਮ ਸਮਾਜਿਕ ਵਿਕਾਸ ਦੇ ਪੜਾਅ ਵਿੱਚ ਆਰਥਿਕ ਪਰਿਵਰਤਨਾਂ ਨਾਲੋਂ ਨੈਤਿਕ ਤੇ ਕਾਨੂੰਨੀ ਪਰਵਿਰਤਨਾ ਨੂੰ ਪਹਿਲ ਦਿੰਦਾ ਸੀ। ਉਹ ਸਮਝਦਾ ਸੀ ਕਿ ਵਿਅਕਤੀ ਅਤੇ ਨੈਤਿਕ ਨੇਮਾਂ ਦੋਹਾਂ ਦਾ ਆਧਾਰ ਸਮਾਜ, ਉਸ ਦੀ ਸੰਰਚਨਾ ਤੇ ਕਾਰਜ ਹੁੰਦੇ ਹਨ।

## 8.3 ਕਿਰਤ ਵੰਡ

ਦੁਰਖਾਈਮ ਅਨੁਸਾਰ ਕਿਰਤ ਵੰਡ ਇਕ ਸਮਾਜਿਕ ਵਰਤਾਰਾ ਹੈ. ਇਸ ਨੂੰ ਤਿੰਨ ਸਮਾਜਿਕ ਤੱਤਾਂ ਦੇ ਰੂਪ ਵਿੱਚ

ਬਿਆਨ ਕੀਤਾ ਜਾ ਸਕਦਾ ਹੈ। ਆਇਤਮ, ਪਦਾਰਥਕ ਘਣਤਾ ਅਤੇ ਸਮਾਜ ਦੀ ਨੈਤਿਕ ਘਣਤਾ। ਸਮਾਜ ਦੀ ਆਇਤਮ ਤੋਂ ਭਾਵ ਜਨ-ਸੰਖਿਆ ਦਾ ਆਕਾਰ ਅਤੇ ਪਦਾਰਥਕ ਘਣਤਾ ਤੋਂ ਭਾਵ ਦਿੱਤੇ ਹੋਏ ਜ਼ਮੀਨੀ ਧਰਾਤਲ ਤੇ ਵਿਅਕਤੀਆਂ ਦੀ ਗਿਣਤੀ। ਨੈਤਿਕ ਘਣਤਾ ਤੋਂ ਭਾਵ ਵਿਅਕਤੀਆਂ ਵਿੱਚ ਸੰਚਾਰ ਦੀ ਘਣਤਾ। ਸ਼ਹਿਰੀਕਰਣ, ਸੰਚਾਰ ਅਤੇ ਆਉਣ ਜਾਣ ਦੇ ਸਾਧਨਾਂ ਵਿੱਚ ਵਾਧਾ ਹੋਣ ਕਰਕੇ ਸਮਾਜ ਦੇ ਸੰਘਣੇਪਣ ਵਿੱਚ ਵਾਧਾ ਹੋਇਆ ਜਿਸ ਨੇ ਅੱਗੋਂ ਸਮਾਜਿਕ ਰਿਸ਼ਤਿਆਂ ਦੀ ਗੁੰਝਲਦਾਰੀ ਵਿੱਚ ਵਾਧਾ ਕੀਤਾ ਅਤੇ ਇਹ ਸਾਰੇ ਵਰਤਾਰਿਆਂ ਵਿੱਚ ਜਟਿਲਤਾ ਅਗੋਂ ਕਿਰਤ ਦੀ ਵੰਡ ਲਈ ਜਿੰਮੇਵਾਰ ਬਣੀ। ਜਿਉਂ ਜਿਉਂ ਜਨ-ਸੰਖਿਆ ਵਧਦੀ ਹੈ, ਨਵੇ ਰਿਸ਼ਤੇ ਹੋਂਦ ਵਿੱਚ ਆਉਂਦੇ ਹਨ. ਜਿਉਣ ਲਈ ਸੰਘਰਸ਼ ਤੇਜ਼ ਹੁੰਦਾ ਹੈ ਤਾਂ ਸਮਾਜਿਕ ਸਮੱਸਿਆਵਾਂ ਦੇ ਸ਼ਾਂਤਮਈ ਹੱਲ, ਵਖਰੇਵੇ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਜਦੋਂ ਵਿਅਕਤੀ ਅਲੱਗ ਅਲੱਗ ਕਿੱਤਿਆ ਵਿੱਚ ਮਗਨ ਹੋ ਜਾਂਦਾ ਹੈ ਤਾਂ ਉਹਨਾਂ ਵਿੱਚ ਵਿਰੋਧ ਘਟਣੇ ਸੁਰੂ ਹੋ ਜਾਂਦੇ ਹਨ ਤਾਂ ਉਹ ਸੰਘਰਸ਼ ਸਿਰਫ ਇਕੋ ਕੰਮ ਦੇ ਇਕ ਹਿੱਸੇ ਵਿੱਚ ਲੱਗੇ ਕਾਮਿਆਂ ਵਿਚ ਰਹਿ ਜਾਂਦਾ ਹੈ। ਵਿਅਕਤੀਤਵ ਸਮਾਜ ਵਿੱਚ ਜਿਥੇ ਸਮੂਹਿਕ ਵਿਵੇਕ ਆਪਣੀ ਹੋਂਦ ਗਵਾ ਲੈਂਦੇ ਹਨ. ਇਹੋ ਜਿਹੇ ਸਮਾਜਾਂ ਦੀ ਸਮੱਸਿਆ ਇਹ ਹੁੰਦੀ ਹੈ ਕਿ ਉਹ ਕਿਵੇਂ ਘੱਟੋ-ਘੱਟ ਸਮੂਹਿਕ ਵਿਵੇਕ ਬਰਕਰਾਰ ਰੱਖ ਸਕਣ ਜਿਸ ਤੋਂ ਬਿਨ੍ਹਾਂ ਜੀਵਨ ਇਕਜੁੱਟਤਾ ਖਤਰੇ ਵਿੱਚ ਪੈ ਜਾਂਦੀ ਹੈ। ਜਿਵੇਂ ਕਿ ਉਪਰ ਵੀ ਬਿਆਨ ਕੀਤਾ ਜਾ ਚੁੱਕਾ ਹੈ ਜਨਸੰਖਿਆ ਚ ਵਾਧੇ ਨਾਲ ਕਿਰਤ ਵੰਡ ਚ ਵਾਧਾ ਹੁੰਦਾ ਹੈ - ਕਿਰਤ ਵੰਡ ਦੇ ਵਾਧੇ ਨਾਲ ਨਿਪੁੰਨਤਾ ਵਧਦੀ ਹੈ ਅਤੇ ਨਿਪੁੰਨਤਾ ਦੇ ਵਸਣ ਨਾਲ ਲੋਕਾਂ ਦੀ ਪਰਸਪਰ ਨਿਰਤੰਰਤਾ ਵਿਚ ਵਾਧਾ ਹੁੰਦਾ ਹੈ। ਇਹ ਸਭ ਚੀਜਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ।

ਜਨਸੰਖਿਆ → ਕਿਰਤ ਵੰਡ → ਨਿਪੁੰਨਤਾ → ਪਰਸਪਰ ਨਿਰਭਰਤਾ
(ਵਿਸ਼ੇਸ਼ੀਕਰਣ)

ਕਿਰਤ ਦੀ ਵੰਡ ਸਮਾਜ ਵਿੱਚ ਕਾਰਜਾਤਮਕਤਾ ਨੂੰ ਯਕੀਨੀ ਬਣਾਉਂਦੀ ਹੈ। ਸਮਾਜ ਵਿੱਚ ਮੁੱਢਲੇ ਕੰਮ ਵੱਖ ਵੱਖ ਵਿਅਕਤੀਆਂ ਵਿੱਚ ਵੰਡੇ ਹੁੰਦੇ ਹਨ। ਇਸ ਤਰਤੀਬਵਾਰ ਪ੍ਰਬੰਧ ਦੇ ਆਧਾਰ ਸਮਾਜਿਕ ਸ੍ਰੇਣੀਆਂ ਜਿਵੇਂ ਉਮਰ ਅਨੁਸਾਰ ਵੰਡ ਅਤੇ ਲਿੰਗ (Gender) ਅਨੁਸਾਰ ਵੰਡ ਹਨ। ਗੁੰਝਲਦਾਰ ਸਮਾਜ ਵਿੱਚ ਕਿਰਤ ਵੰਡ ਇਕ ਗੁੰਲਝਦਾਰ ਪ੍ਰਕ੍ਰਿਆ ਬਣ ਜਾਂਦੀ ਹੈ। ਦੁਰਖਾਇਮ ਅਨੁਸਾਰ ਭਾਵੇ ਕਿ ਨੈਤਿਕਤਾ ਸਮਾਜ ਦੀ ਨੀਂਹ ਹੈ ਅਤੇ ਤਾਕਤ ਤੋਂ ਅੱਗੇ ਵੀ ਕੁਝ ਅਜਿਹੀ ਸ਼ਕਤੀ ਚਾਹੀਦੀ ਹੈ ਜੋ ਵਿਅਕਤੀਆਂ ਨੂੰ ਆਪਸ ਵਿੱਚ ਮਿਲਵਰਤਣ ਦੇ ਯੋਗ ਬਣਾਉਂਦੀ ਹੈ। ਇਸ ਉਪਰ ਸਮਾਜ ਵਿੱਚ ਜ਼ਿਆਦਾਤਰ ਲੋਕ ਅਜਿਹੀ ਸ਼ਕਤੀ ਬਾਰੇ ਜਾਣੂ ਨਹੀਂ ਹੁੰਦੇ। ਉਸ ਅਨੁਸਾਰ ਕੁਝ ਏਕੀਕ੍ਰਿਤ ਯਤਨਾਂ ਜਾਂ ਸਮਾਜਿਕ ਖੋਜ ਦੀ ਗੈਰ-ਹਾਜ਼ਰੀ ਵਿੱਚ. ਜੋ ਲੋਕਾਂ ਨੂੰ ਇੱਕਠਾ ਰੱਖਦੇ ਹਨ ਸਮਾਜ ਲਈ ਕੰਮ ਕਰਨਾ ਮੁਸ਼ਕਲ ਹੋਵੇਗਾ। ਜਿਥੇ ਜਿਸ ਗੱਲ ਦੀ ਗੈਰ-ਹਾਜ਼ਰੀ ਸੀ ਅਜਿਹੀ ਹਾਲਤ ਨੂੰ ਉਸ ਨੇ ਅਨੋਮੀ ਕਿਹਾ. ਅਜਿਹੀ ਹਾਲਤ ਜਿਥੇ ਸਮਾਜਿਕ ਤੱਥ ਆਪਣੀ ਦਮਨਸ਼ੀਲ ਤਾਕਤ ਗਵਾ ਚੁੱਕੇ ਹੁੰਦੇ ਹਨ।

## 8.4 ਆਤਮ ਹੱਤਿਆ (Suicide)

ਜਿਵੇਂ ਕਿ ਅਸੀਂ ਕਿਰਤ ਦੀ ਵੰਡ ਵਿੱਚ ਜ਼ਿਕਰ ਕਰ ਆਏ ਹਾਂ ਕਿ ਆਂਗਿਕ ਇਕਜੁੱਟਤਾ ਵਿੱਚ ਭਾਵ ਜਟਿਲ ਸਮਾਜਾਂ ਵਿੱਚ ਲੋਕ ਅਲੱਗ ਅਲੱਗ ਕਿੱਤਿਆਂ ਵਿੱਚ ਲੀਨ ਹੁੰਦੇ ਹਨ. ਰਸਮਾਂ, ਰੀਤਾਂ ਦੀ ਅਥਾਰਟੀ ਵਿੱਚ ਗਿਰਾਵਟ ਆਉਂਦੀ ਹੈ, ਤਰਕ ਦਾ ਦਾਇਰਾ ਵਧ ਜਾਂਦਾ ਹੈ, ਵਿਅਕਤੀਗਤ ਪਹਿਚਾਣ ਲਈ ਇਨਾਮ ਮਿਲਦਾ ਹੈ। ਪਰ ਇਸ ਅਧੁਨਿਕ ਯੁੱਗ ਵਿੱਚ ਜਰੂਰੀ ਨਹੀ ਹੈ ਕਿ ਹਰ ਮਨੁੱਖ ਖੁਸ਼ ਹੋਵੇ ਭਾਵ ਕਿ ਜੋ ਉਸ ਕੋਲ ਹੈ ਉਸ ਨਾਲ ਉਹ ਸੰਤੁਸ਼ਟ ਹੋਵੇ। ਦੁਰਖਾਈਮ ਨੇ ਆਧੁਨਿਕ ਸਮਾਜ ਵਿੱਚ ਰੋਗਮਈ ਲੱਛਣ ਵੇਖੇ ਜਿਸਦਾ ਸਬੂਤ 'ਆਤਮ ਹੱਤਿਆ' ਹੈ। ਇਥੇ ਦੁਰਖਾਇਮ ਨੇ ਸ਼ਬਦ ਅਨੌਮੀ (Anomie) ਦਾ ਇਸਤੇਮਾਲ ਕੀਤਾ ਜਿਸ ਤੋਂ ਭਾਵ ਹੈ ਪ੍ਰਤਿਮਾਨਾ ਦੀ ਗੈਰ-ਹਾਜ਼ਰੀ ਜਾਂ ਪ੍ਰਤਿਮਾਨਾਂ ਦੀ ਟੁੱਟ ਭੱਜ। ਉਸ ਦੀ ਇਸ ਧਾਰਨਾ ਨੇ ਆਤਮ-ਹੱਤਿਆ ਦੇ ਅਧਿਐਨ ਵਿੱਚ

ਕਾਫੀ ਵੱਡੀ ਭੂਮਿਕਾ ਨਿਭਾਈ। ਉਸ ਨੇ ਕੁਝ ਰੋਗਮਈ ਵਰਤਾਰਿਆਂ ਨੂੰ ਦ੍ਰਿਸ਼ਟੀਗੋਚਰ ਕੀਤਾ ਜਿਵੇਂ ਆਰਥਿਕ ਸੰਕਟ. ਮਜ਼ਦੂਰ ਦੀ ਆਪਣੇ ਕੰਮ ਨਾਲ ਅਡਜੈਸਟਮੈਂਟ ਨਾ ਹੋਣਾ ਹੱਕ ਵਾਸਤੇ ਅਹਿੰਸਾ (ਜੋ ਵਿਅਕਤੀ ਸਮੂਹ ਵਿਰੁੱਧ ਕਰਦੇ ਹਨ) ਆਦਿ ਆਧੁਨਿਕ ਸਮਾਜ ਵੱਖਰੇਵਿਆਂ ਤੇ ਆਧਾਰਿਤ ਹੈ। ਇਹ ਜਰੂਰੀ ਨਹੀਂ ਕਿ ਹਰ ਵਿਅਕਤੀ ਦਾ ਕੰਮ ਉਸ ਦੀ ਇੱਛਾ ਅਤੇ ਯੋਗਤਾ ਦੇ ਅਨੁਸਾਰ ਹੋਵੇ।

ਸਮਾਜ ਵਿੱਚ ਹਰ ਬੰਦਾ ਰੀਤੀ-ਰਿਵਾਜ ਨਾਲ ਬੱਝਾ ਹੈ ਅਤੇ ਸਮਾਜ ਵਿੱਚ ਉਸਦੀ ਜਗ੍ਹਾ ਜਨਮ ਆਧਾਰਤ ਜਾਂ ਸਮੂਹਕਤਾ ਦੁਆਰਾ ਤੈਅ ਹੁੰਦੀ ਹੈ। ਫਿਰ ਅਜਿਹੇ ਸਮਾਜਾਂ ਵਿੱਚ ਉਦੋਂ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ ਜਦੋਂ ਵਿਅਕਤੀ ਆਪਣੀ ਮੈਰਿਟ ਅਨੁਸਾਰ ਮੰਗਣਾ ਸ਼ੁਰੂ ਕਰ ਦਿੰਦਾ ਹੈ। ਉਹ ਸਮੂਹ ਤੋਂ ਜਾ ਸਮਾਜ ਤੋਂ ਉਹ ਮੰਗਦਾ ਹੈ ਜੋ ਸਮਾਜ ਉਸ ਨੂੰ ਨਹੀਂ ਦੇ ਸਕਦਾ। ਕਿਉਂਕਿ ਆਧੁਨਿਕ ਸਮਾਜਾਂ ਵਿੱਚ ਵਿਅਕਤੀਗਤ ਭਾਵਨਾ ਜਾਂ ਚੇਤਨਾ ਵਧੇਰੇ ਉਜਾਗਰ ਹੋ ਜਾਂਦੀ ਹੈ। ਉਸਦਾ ਸਮੂੰਹਾਂ ਨਾਲ ਉਹ ਰਿਸ਼ਤਾ ਉਸ ਰੂਪ ਵਿੱਚ ਨਹੀਂ ਰਹਿੰਦਾ ਜਿਵੇਂ ਸਰਲ ਸਮਾਜਾਂ ਵਿੱਚ ਹੁੰਦਾ ਹੈ। ਸਮਾਜ ਵਿੱਚ ਇਕਜੁੱਟਤਾ ਤਾਂ ਹੀ ਰਹਿ ਸਕਦੀ ਹੈ ਜੇ ਸਾਰਿਆਂ ਵਿੱਚ ਨਿਆਂ ਲਈ ਇੱਜਤ ਹੋਵੇ ਸਾਂਝੇ ਵਿਸ਼ਵਾਸ਼, ਰੀਤੀ ਰਿਵਾਜ, ਕੀਮਤਾਂ ਅਤੇ ਸਾਂਝੀਆਂ ਭਾਵਨਾਵਾਂ ਹੋਣ। ਜੇ ਅਜਿਹਾ ਨਹੀਂ ਹੁੰਦਾ ਤਾਂ ਸਮਾਜ ਦੀ ਇਕਜੁੱਟਤਾ ਨੂੰ ਖਤਰਾ ਪੈਦਾ ਹੋ ਜਾਂਦਾ ਹੈ।

ਉਸ ਨੇ ਆਪਣੇ 'ਆਤਮ ਹੱਤਿਆ' ਅਧਿਐਨ ਵਿੱਚ ਦੋ ਗੱਲਾਂ ਤੇ ਜ਼ੋਰ ਦਿੱਤਾ, ਇਕ ਤਾਂ ਆਧੁਨਿਕ ਸਮਾਜਾਂ ਦਾ ਰੋਗਮਈ ਪੱਖ ਅਤੇ ਦੂਜਾ ਵਿਅਕਤੀ ਦਾ ਸਮੂਹਕਤਾ ਨਾਲ ਸੰਬੰਧ। ਅਸਲ ਵਿੱਚ ਦੁਰਖਾਈਮ ਇਹ ਵਿਖਾਉਣਾ ਚਹੁੰਦਾ ਸੀ ਕਿ ਵਿਅਕਤੀ ਕਿਸ ਹੱਦ ਤੱਕ ਸਮੂਹਕ ਸਚਾਈ ਦੁਆਰਾ ਨਿਰਧਾਰਿਤ ਹੁੰਦੇ ਹਨ।

ਦੁਰਖਾਈਮ ਆਤਮ ਹੱਤਿਆ ਆਪਣੇ ਆਪ ਨੂੰ ਖਤਮ ਕਰਨ ਦੇ ਇਰਾਦੇ ਨਾਲ ਕੀਤਾ ਕਰਮ ਹੈ, ਨੂੰ ਅਸਵੀਕਾਰ ਕਰ ਦਿੰਦਾ ਹੈ। ਕਿਉਂਕਿ ਇਰਾਦੇ ਬਾਹਰਲੇ ਨਿਰਖੀਣ ਰਾਹੀਂ ਨਹੀਂ ਜਾਣੇ ਜਾ ਸਕਦੇ ਅਤੇ ਉਹ ਭਿੰਨ ਭਿੰਨ ਹੁੰਦੇ ਹਨ। ਇਹ ਵਰਤਾਰਿਆਂ ਦੇ ਕਿਸੇ ਪ੍ਰਬੰਧ ਨੂੰ ਪਰਿਭਾਸ਼ਿਤ ਨਹੀ ਕਰ ਸਕਦੇ। ਦੁਰਖਾਈਮ ਅਨੁਸਾਰ ਆਤਮ ਹੱਤਿਆ ਸਮਾਜਕ ਤੱਥ ਹੈ, ਜਿਸਦੇ ਆਰਥਿਕ ਕਾਰਨ ਹਨ। ਆਤਮ ਹੱਤਿਆ ਦਾ ਸਮਾਜਕ ਸੁਭਾਅ ਇਸ ਗੱਲ ਨਾਲ ਸਪੱਸ਼ਟ ਹੋ ਜਾਂਦਾ ਹੈ ਕਿ ਆਤਮ ਹੱਤਿਆ ਦੀ ਦਰ ਜਾਂ ਇਸ ਦਰ ਵਿਚਲੀ ਤਬਦੀਲੀ ਕਿਸੇ ਸਮਾਜ ਵਿਸ਼ੇਸ਼ ਵਿੱਚ ਸਾਲਾਂ ਬੱਧੀ ਇਕਸਾਰ ਤੇ ਅ-ਬਦਲ ਰਹਿੰਦੀ ਹੈ। ਇਹ ਇਕਸਾਰਤਾ ਵਿਅਕਤੀਗਤ ਗੁਣਾਂ ਨਾਲ ਜੋੜ ਕੇ ਸਮਝ ਨਹੀਂ ਆ ਸਕਦੀ, ਵਿਅਕਤੀਗਤ ਗੁਣ-ਬੇਤਰਤੀਬੇ ਭਿੰਨ-ਭਿੰਨ ਹੁੰਦੇ ਹਨ। ਉਹ ਇਸ ਨਤੀਜੇ ਤੇ ਪਹੁੰਚਦਾ ਹੈ ਕਿ ਆਤਮ ਹੱਤਿਆ ਦੇ ਪਿਛੇ ਜਰੂਰ ਕੋਈ ਅਜਿਹਾ ਕਾਰਨ ਹੋਵੇਗਾ. ਜਿਹੜਾ ਸਾਲਾਂ ਬੱਧੀ ਆਪਣਾ ਇਕਸਾਰ ਅਸਰ ਬਣਾਈ ਰੱਖਦਾ ਹੈ ਕਿਉਂਕਿ ਭੂਗੋਲਿਕ, ਮਨੋਵਿਗਿਆਨਕ, ਜੀਵ-ਵਿਗਿਆਨਕ, ਆਦਿ ਕਾਰਨ ਅੰਕੜਈ ਵਿਸ਼ਲੇਸ਼ਣ ਰਾਹੀ ਪਹਿਲਾਂ ਹੀ ਰੱਦ ਕੀਤੇ ਜਾ ਚੁੱਕੇ ਹਨ, ਇਸ ਲਈ ਵਿਆਖਿਆ ਦਾ ਇਹ ਵਿਆਪਕ ਸਿਧਾਂਤ ਸਮਾਜਕ ਖੇਤਰ ਵਿੱਚੋਂ ਹੀ ਪ੍ਰਾਪਤ ਹੋ ਸਕਦਾ ਹੈ।

ਦੁਰਖਾਈਮ ਦਾ ਆਤਮ ਹੱਤਿਆ ਦਾ ਅਧਿਐਨ ਇਸ ਗੱਲ ਦੀ ਪੁਣ-ਛਾਣ ਕਰਦਾ ਹੈ ਕਿ ਪ੍ਰਸੰਗ ਅਧੀਨ ਵਰਤਾਰੇ ਦਾ ਚਰਿੱਤਰ ਸਾਧਾਰਨ ਹੈ ਜਾਂ ਰੋਗਮਈ ਹੈ। ਉਹ ਜੁਲਮ ਨੂੰ ਸਮਾਜਿਕ ਤੋਰ ਤੇ ਆਮ ਵਰਤਾਰਾ ਮੰਨਦਾ ਹੈ। ਹਰਮ ਸਮਾਜ ਵਿੱਚ ਕੁਝ ਰੇਟ ਤੇ ਅਪਰਾਧ ਹੋਣਾ ਆਮ ਗੱਲ ਹੁੰਦਾ ਹੈ, ਇਸ ਤੋਂ ਇਲਾਵਾ ਅਪਰਾਧ ਝੁਕਾਵਾਂ ਦਾ ਸੰਬੰਧ ਰੋਗਮਈ ਚਰਿੱਤਰ ਨਾਲ ਹੁੰਦਾ ਹੈ।

## 8.5 ਆਤਮ ਹੱਤਿਆ ਦੀਆਂ ਕਿਸਮਾਂ

### 8.5.1 ਹਉਮੈਵਾਦੀ ਆਤਮਹੱਤਿਆ (Egoistic Suicide)

ਜੋ ਸਮਾਜਿਕ ਸਮੂੰਹ ਵਿੱਚ ਵਿਅਕਤੀਆਂ ਦੀ ਏਕਤਾ ਦੀ ਘਾਟ ਕਰਕੇ ਵਾਪਰਦੇ ਹਨ। ਡੂੰਘੇ ਅਧਿਐਨ ਤੋਂ ਬਾਅਦ

ਉਸ ਨੇ ਸਿੱਟਾ ਕੱਢਿਆ ਕਿ ਜਿਉਂ ਜਿਉਂ ਮਜ਼ਬੂਤ ਸ਼ਕਤੀਆਂ ਵਿਅਕਤੀਆਂ ਨੂੰ ਉਸਦੇ ਹੀ ਵਸੀਲਿਆਂ ਤੇ ਨਿਰਭਰ ਹੋਣ ਲਈ ਪ੍ਰੇਰਦੀਆਂ ਹਨ ਤਿਉਂ ਤਿਉਂ ਆਤਮ ਹੱਤਿਆ ਦੇ ਰੇਟ ਵਿੱਚ ਵਾਧਾ ਹੁੰਦਾ ਜਾਂਦਾ ਹੈ। ਧਰਮ ਦੀ ਤਰ੍ਹਾਂ ਪਰਿਵਾਰ ਵੀ ਆਤਮ ਹੱਤਿਆ ਨੂੰ ਰੋਕਣ ਦਾ ਇਕ ਏਜੰਟ ਹੈ। ਵਿਆਹ ਆਤਮ-ਹੱਤਿਆ ਦੇ ਰੇਟ ਵਿੱਚ ਕਮੀ ਕਰਦਾ ਹੈ। ਜਿਉਂ ਜਿਉਂ ਆਦਮੀ ਉੱਪਰ ਜ਼ਿੰਦਗੀ ਦੇ ਬੋਝ ਵਧਦੇ ਜਾਂਦੇ ਹਨ ਤਿਉਂ ਤਿਉਂ ਅਤਮ ਹੱਤਿਆਂ ਦੇ ਰੇਟ ਵਿੱਚ ਕਮੀ ਆਉਂਦੀ ਹੈ। ਉਸ ਅਨੁਸਾਰ, ਵੱਡੀ ਪੱਧਰ ਤੇ ਸਮਾਜਿਕ ਉੱਥਲ-ਪੁੱਥਲ, ਲੜਾਈਆਂ ਸਮੂਹਿਕ ਭਾਵਨਾਵਾਂ ਨੂੰ ਉਤੇਜਿਤ ਕਰਦੇ ਹਨ. ਰਾਸ਼ਟਰਵਾਦੀ ਭਾਵਨਾਵਾਂ ਨੂੰ ਉਤੇਜਿਤ ਕਰਦੇ ਹਨ, ਕੌਮੀ ਵਿਸ਼ਵਾਸ਼ ਨੂੰ ਉਜਾਗਰ ਕਰਦੇ ਹਨ ਅਤੇ ਆਦਮੀਆਂ ਨੂੰ ਇੱਕਮੁੱਠ ਹੋ ਕੇ ਖਤਰੇ ਨਾਲ ਨਜਿੱਠਣ ਲਈ ਉਕਸਾਉਂਦੇ ਹਨ. ਸਮਾਜ ਇਕਜੁੱਟਤਾ ਬਣਾਈ ਰੱਖਦੇ ਹਨ ਅਤੇ ਆਤਮ ਹੱਤਿਆ ਦੇ ਰੇਟ ਵਿੱਚ ਭਾਰੀ ਕਮੀ ਕਰਦੇ ਹਨ।

### 8.5.2 ਪਰਸੁਆਰਥੀ ਆਤਮਹੱਤਿਆ (Altruistic Suicide)

ਸਮਾਜਿਕ ਸਮੂਹ ਵਿੱਚ ਜ਼ਿਆਦਾ ਇਕਸੁੱਰਤਾ ਤੇ ਜ਼ੋਰ ਹੋਣ ਨਾਲ ਵਾਪਰਦਾ ਹੈ। ਵਿਅਕਤੀ ਦੀ ਜ਼ਿੰਦਗੀ ਰੀਤੀ ਰਿਵਾਜਾਂ ਅਤੇ ਆਦਤਾਂ ਦੁਆਰਾ ਇੰਨੀ ਸਖਤੀ ਨਾਲ ਨਿਯੰਤਰਣ ਅਧੀਨ ਹੈ ਕਿ ਉੱਚ ਪੱਧਰੀ ਨਿਯੰਤਰਣ ਕਰਕੇ ਉਹ ਆਪਣੀ ਜ਼ਿੰਦਗੀ ਆਪ ਲੈਂਦਾ ਹੈ। ਜਿਵੇਂ ਭਾਰਤ ਵਿੱਚ ਸਤੀ ਰਸਮ, ਜਦੋਂ ਪਤਨੀ ਪਤੀ ਦੀ ਮੌਤ ਤੋਂ ਬਾਅਦ ਬਲਦੀ ਚਿਤਾ ਉੱਪਰ ਆਪਣੇ ਆਪ ਨੂੰ ਜਿਉਂਦੀ ਭੇਂਟ ਕਰ ਦਿੰਦੀ ਹੈ। ਜਾਪਾਨ ਵਿੱਚ ਹਾਰਾਕਾਰੀ ਬੋਧੀ ਭਿਕਸ਼ੂਆਂ ਦੁਆਰਾ ਆਪਣੇ ਆਪ ਦਾ ਖਾਤਮਾ, ਫੌਜੀ ਆਤਮ-ਹੱਤਿਆ, ਲਸ਼ਕਰ ਦੁਆਰਾ ਨਰ-ਹੱਤਿਆ ਅਤੇ ਬ੍ਰਾਮਣੀ-ਅਸਰ ਅਧੀਨ ਨਿਰਵਾਨ ਵਿੱਚ ਆਪਣੀ ਤਬਾਹੀ ਆਦਿ।

### 8.5.3 ਅਨੋਮੀ ਆਤਮਹੱਤਿਆ (Anomic Suicide)

ਸਮਾਜ ਵਿੱਚ ਆਮ ਹਾਲਤ ਦੀ ਅਣਹੋਂਦ ਅਤੇ ਅਨਿਯਮਤਪਣ ਉਠ ਪੈਣ ਕਰਕੇ ਵਾਪਰਦੇ ਹਨ। ਅਜਿਹੀ ਕਿਸਮ ਦਾ ਵਰਤਾਰਾ ਉਸ ਸਮੇਂ ਵਾਪਰਦਾ ਹੈ ਜਦੋਂ ਸਨਅਤੀ ਜਾਂ ਆਰਥਿਕ ਸੰਕਟ ਹੋਵੇ। ਇਹ ਸਿਰਫ ਗਰੀਬੀ ਕਰਕੇ ਹੀ ਨਹੀਂ ਸਗੋਂ ਉੱਨਤੀ ਕਰਕੇ ਵੀ ਵਾਪਰਦੇ ਹਨ ਕਿਉਂਕਿ ਸਮੂਹਿਕ ਤਰਤੀਬ ਦਾ ਸੰਕਟ ਹੁੰਦਾ ਹੈ। ਸਮਾਜਿਕ ਸਮਤੋਲਤਾ ਵਿੱਚ ਕੋਈ ਵੀ ਵਿਘਨ, ਭਾਵੇ ਉਹ ਅਚਾਨਕ ਤਰੱਕੀ ਕਰਕੇ ਹੋਵੇ ਜਾਂ ਇਕਦਮ ਬਦਕਿਸਮਤੀ ਕਰਕੇ ਹੋਵੇ, ਆਖਿਰਕਾਰ, ਅਨਿਯਮਤਪਣ ਨੂੰ ਜਨਮ ਦਿੰਦੀ ਹੈ ਅਤੇ ਲੋਕ ਚਾਹੀ ਹੋਈ ਮੌਤ ਵਲ ਨੂੰ ਉੱਠ ਤੁਰਦੇ ਹਨ। ਬਹੁਤ ਜ਼ਿਆਦਾ ਇਛਾਵਾਂ (ਜਿਨ੍ਹਾਂ ਦਾ ਪੂਰਾ ਹੋ ਸਕਣਾ ਅਸੰਭਵ ਹੁੰਦਾ ਹੈ) ਅਤੇ ਨਿਯਮਿਤ ਪ੍ਰਤਿਮਾਨਾਂ ਵਿੱਚ ਭੱਜ ਟੁੱਟ ਇਸ ਆਤਮ ਹੱਤਿਆ ਦੇ ਕਾਰਨ ਬਣਦੇ ਹਨ। ਇਸ ਵਿੱਚ ਅਣਵਿਆਹੇ ਬੰਦੇ ਵਧੇਰੇ ਖੁਦਕਸ਼ੀ ਕਰਦੇ ਹਨ ਬਨਿਸਬਤਸ਼ਾਦੀ-ਸ਼ੁਦਾ ਦੇ। ਆਤਮ ਹੱਤਿਆ ਦੀ ਦਰ ਜੰਗ ਵੇਲੇ ਗਿਰ ਜਾਂਦੀ ਹੈ ਕਿਉਂਕਿ ਜੰਗ ਵੇਲੇ ਬਾਹਰੀ ਖਤਰੇ ਕਰਕੇ ਜਦੋਂ ਸਮਾਜ ਇਕਮੁੱਠ ਹੋ ਜਾਂਦਾ ਹੈ ਤਾਂ ਉਹ ਵਿਅਕਤੀਆਂ ਨੂੰ ਵਧੇਰੇ ਅਨੁਸ਼ਾਸਨ ਵਿੱਚ ਬੰਨ੍ਹਦਾ ਹੈ ਤੇ ਉਨ੍ਹਾਂ ਨੂੰ ਆਤਮ ਹੱਤਿਆ ਤੋਂ ਬੱਚਾ ਲੈਂਦਾ ਹੈ।

### 8.5.4 ਹੋਣੀਵਾਦੀ ਆਤਮਹੱਤਿਆ (Fetalistic Suicide)

ਇਸ ਕਿਸਮ ਦੀ ਆਤਮਹੱਤਿਆ ਉਹ ਹੁੰਦੀ ਹੈ ਜਦੋਂ ਸਮਾਜ ਨੇ ਵਿਅਕਤੀ ਨੂੰ ਚਾਰੇ ਪਾਸੇ ਤੋਂ ਘੇਰ ਰੱਖਿਆ ਹੋਵੇ, ਜਕੜਿਆ ਹੋਵੇ ਅਤੇ ਉਸਨੂੰ ਕੋਈ ਰਾਹ ਨਾ ਦਿਖ ਰਿਹਾ ਹੋਵੇ। ਉਸ ਕੋਲ ਮਰ ਜਾਣ ਤੋਂ ਇਲਾਵਾ ਸਮੱਸਿਆ ਦਾ ਕੋਈ ਹੱਲ ਨਾ ਹੋਵੇ। ਉਦਾਹਰਣ ਦੇ ਤੌਰ ਤੇ ਇਕ ਬਾਂਝ ਇਸਤਰੀ ਦੀ ਖੁਦਕੁਸ਼ੀ ਜਾਂ ਉਸ ਔਰਤ ਦੀ ਖੁਦਕੁਸ਼ੀ ਜਿਥੇ ਤਲਾਕ ਦੀ ਇਜ਼ਾਜਤ ਨਾ ਹੋਵੇ।

### 8.6 ਸਾਰ

ਉੱਪਰ ਦਿੱਤੀਆਂ ਆਤਮ ਹੱਤਿਆ ਦੀਆਂ ਕਿਸਮਾਂ ਦੀ ਚਰਚਾ ਤੋਂ ਸਪੱਸ਼ਟ ਹੈ ਕਿ ਇਹ ਵਿਅਕਤੀ ਦੇ ਸਮਾਜ

ਨਾਲੋ ਲੋੜੋ ਵੱਧ ਜਾਂ ਘੱਟ ਜੁੜਨ ਨਾਲ ਤੇ ਜਾਂ ਫਿਰ ਸਮਾਜ ਵਲੋਂ ਵਿਅਕਤੀ ਉੱਤੇ ਲੋੜੋਂ ਵੱਧ ਜਾਂ ਘੱਟ ਨੈਤਿਕ ਕੰਟਰੋਲ ਨਾਲ ਸੰਬੰਧਿਤ ਹਨ। ਸਮਾਜਿਕ ਜ਼ਮੀਨ ਵਿੱਚ ਪੁੰਗਰਨ ਵਾਲੇ ਇਹ ਕਾਰਕ ਵਿਅਕਤੀ ਤੋਂ ਬਾਹਰ ਹੁੰਦੇ ਹਨ। ਇਸ ਲਈ ਦੁਰਖਾਇਮ ਇਨ੍ਹਾਂ ਨੂੰ ਜਿਵੇਂ ਅਸੀਂ ਸ਼ੁਰੂ ਵਿੱਚ ਹੀ ਕਿਹਾ, ਆਤਮ-ਘਾਤਮ ਧਰਾਵਾਂ ਦਾ ਨਾਮ ਦਿੰਦਾ ਹੈ। ਮਹਾਮਾਰੀ ਵਾਂਗੂ ਇਹ ਧਰਾਵਾਂ ਸਮਾਜ ਵਿੱਚੋਂ ਉਠਕੇ ਵਿਅਕਤੀਆਂ ਨੂੰ ਜਿਵੇਂ ਘੇਰਾ ਪਾ ਲੈਂਦੀਆਂ ਹਨ ਤੇ ਉਹਨਾਂ ਵਿੱਚੋ ਕੁਝ ਨੂੰ ਆਤਮ ਹੱਤਿਆ ਵਲ ਧੱਕ ਦਿੰਦੀਆਂ ਹਨ। ਆਤਮ ਹੱਤਿਆ ਵਿਅਕਤੀ ਆਪਣੀ ਮਰਜ਼ੀ ਨਾਲ ਨਹੀਂ ਕਰ ਰਿਹਾ ਹੁੰਦਾ।

## 8.7 ਅਭਿਆਸ ਲਈ ਪ੍ਰਸ਼ਨ

1 ਕਿਰਤ ਵੰਡ ਕਿਸਨੂੰ ਆਖਦੇ ਹਨ? ਇਮਾਇਲ ਦੁਰਖਾਈਮ ਦੇ ਇਸ ਸੰਕਲਪ ਦੀ ਵਿਆਖਿਆ ਕਰੋ।

2. ਸਮਾਜਿਕ ਇਕਜੁੱਟਤਾ ਤੋਂ ਕੀ ਭਾਵ ਹੈ? ਖੋਲ੍ਹ ਕੇ ਬਿਆਨ ਕਰੋ।

3. ਕੀ ਆਤਮ ਹੱਤਿਆ ਇਕ ਨਿਜੀ ਵਰਤਾਰਾ ਹੈ? ਜੇਕਰ ਨਹੀਂ ਤਾਂ ਕਿਵੇਂ? ਇਸ ਦੀਆਂ ਕਿਸਮਾਂ ਤੇ ਚਾਨਣਾ ਪਾਉ।

ਸੰਖੇਪ ਸਵਾਲ :-

(ੳ) ਕਿਰਤ ਵੰਡ ਤੋਂ ਕੀ ਭਾਵ ਹੈ?

(ਅ) ਮਕੈਨੀਕਲ ਸੌਲੀਡੈਰਿਟੀ ਜਾਂ ਮਕਾਨਕੀ ਏਕਾ ਕਿਸਨੂੰ ਆਖਦੇ ਹਨ?

(ੲ) ਆਰਗੈਨਿਕ ਸੌਲੀਡੈਰਿਟੀ ਜਾਂ ਆਂਗਿਕ ਏਕੇ ਨੂੰ ਪਰਿਭਾਸ਼ਿਤ ਕਰੋ।

(ਸ) ਦਮਨਕਾਰੀ ਕਾਨੂੰਨ ਕਿਸਨੂੰ ਆਖਦੇ ਹਨ?

(ਹ) ਬਹਾਲਕਾਰੀ ਕਾਨੂੰਨ ਕਿਸਨੂੰ ਆਖਦੇ ਹਨ?

(ਕ) ਅਨੋਮੀ ਤੋਂ ਕੀ ਭਾਵ ਹੈ?

## 8.8 Books

1. Emile Durkheim, The Division of Labour in Society, New York Free Press, 1962.
2. Emile Durkheim, Suicide, New York, Free Press, 1951.
3. Emile Durkheim, The Elementary Forms of Religious Life New York, Free Press, 1965.
4. Robert Nisbet, The Sociology of Emile Durkheim, New York, Oxford University Press, 1974.
5. Abraham Francis and Morgan, John Henry, Sociological Thought from Comte to Sorokin, Macmillan India, Delhi, 1985.
6. Raymond, Alon, Main Currents in Sociological Thought, Doubleday Garden City, 1970.
7. Jammu and Bhatnager : "Samaj Vigianak Sidhant" : Punjabi University Patiala.

**ਪਾਠ ਨੰ : 2.3** **ਲੇਖਕ : ਡਾ. ਪਰਵਿੰਦਰ ਸਿੰਘ**

# ਮਹਾਤਮਾ ਗਾਂਧੀ (1869-1948)
## (ਅਹਿੰਸਾ ਅਤੇ ਸਤਿਆਗ੍ਰਹਿ)

**ਬਣਤਰ**

9.0 ਉਦੇਸ਼
9.1 ਜਾਣ-ਪਛਾਣ
9.2 ਅਹਿੰਸਾ
9.3 ਸਤਿਆਗ੍ਰਹਿ
9.4 ਸਾਰ
9.5 ਅਭਿਆਸ ਲਈ ਪ੍ਰਸ਼ਨ
9.6 ਉਪਯੋਗੀ ਪੁਸਤਕਾਂ

### 9.0 ਉਦੇਸ਼ :

* ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਸੀਂ ਗਾਂਧੀ ਜੀ ਵੱਲੋਂ ਦੱਸੇ ਅਹਿੰਸਾ ਦੇ ਸੰਕਲਪ ਨੂੰ ਬਿਆਨ ਕਰਨ ਯੋਗ ਹੋਵੋਂਗੇ।
* ਗਾਂਧੀ ਜੀ ਦੇ ਸਤਿਆਗ੍ਰਹਿ ਬਾਰੇ ਵਿਚਾਰਾਂ ਨੂੰ ਜਾਣ ਸਕੋਗੇ।
* ਸਤਿਆਗ੍ਰਹਿ ਦੀਆਂ ਵਿਸ਼ੇਸ਼ਤਾਈਆਂ ਅਤੇ ਉਸ ਲਈ ਦਿੱਤੇ ਪ੍ਰੋਗਰਾਮ ਅਤੇ ਕਿਸਮਾਂ ਨੂੰ ਵਰਨਣ ਕਰ ਸਕੋਗੇ।

### 9.1 ਜਾਣ-ਪਛਾਣ :

ਮਹਾਤਮਾ ਗਾਂਧੀ ਦਾ ਜਨਮ ਰਿਆਸਤ ਕਾਠੀਆਵਾੜ ਵਿਚ ਪੈਂਦੇ ਸਥਾਨ ਪੋਰਬੰਦਰ ਵਿੱਚ 2 ਅਕਤੂਬਰ 1869 ਨੂੰ ਹੋਇਆ। ਉਨ੍ਹਾਂ ਦਾ ਪਿਤਾ ਕਰਮ ਚੰਦ ਗਾਂਧੀ ਅਹਿਮਦਾਬਾਦ ਰਾਜ ਦਾ ਦੀਵਾਨ ਸੀ। ਉਸ ਦੀ ਮਾਤਾ ਇਕ ਹਿੰਦੂ ਵਿਚਾਰਾਂ ਵਾਲੀ ਧਾਰਮਿਕ ਇਸਤਰੀ ਸੀ। ਗਾਂਧੀ ਜੀ ਨੇ ਮੈਟਰਿਕ 1887 ਵਿੱਚ ਕਰ ਲਈ। 1888 ਵਿੱਚ ਉਹ ਕਾਨੂੰਨ ਦੀ ਪੜ੍ਹਾਈ ਲਈ ਇੰਗਲੈਂਡ ਚਲੇ ਗਏ। ਉਹ ਕਾਨੂੰਨ ਦੀ ਪੜ੍ਹਾਈ ਕਰਨ ਉਪਰੰਤ 1891 ਨੂੰ ਵਾਪਸ ਭਾਰਤ ਆ ਗਏ। ਉਸ ਦਾ ਵਿਆਹ 13 ਸਾਲ ਦੀ ਉਮਰ ਵਿੱਚ ਕਸਤੂਰਬਾ ਬਾਈ ਨਾਲ ਹੋ ਗਿਆ। ਇੰਗਲੈਂਡ ਵਿਚ ਰਹਿੰਦੇ ਸਮੇਂ ਉਸ ਦਾ ਮੇਲ ਬ੍ਰਹਮੋ-ਸਮਾਜੀਆਂ ਨਾਲ ਹੋਇਆ ਅਤੇ ਉਸ ਨੂੰ ਰਸਕਿਨ ਅਤੇ ਟਾਲਸਟਾਇ ਦੇ ਵਿਚਾਰਾਂ ਨੇ ਵੀ ਉਥੇ ਹੀ ਪ੍ਰਭਾਵਿਤ ਕੀਤਾ। ਭਾਰਤ ਵਾਪਿਸ ਆ ਕੇ ਉਸ ਨੇ ਕੁਝ ਸਮੇਂ ਵਕਾਲਤ ਕੀਤੀ। ਫਿਰ ਉਸ ਨੂੰ ਇਕ ਭਾਰਤੀ ਵਿਉਪਾਰੀ ਦੇ ਕੇਸ ਦੇ ਸੰਬੰਧ ਵਿੱਚ ਦੱਖਣੀ ਅਫ਼ਰੀਕਾ ਜਾਣ ਦਾ ਮੌਕਾ ਮਿਲਿਆ। ਉਥੇ ਜਦੋਂ ਉਸ ਨੇ ਦੱਖਣੀ ਅਫ਼ਰੀਕਾ ਵਿੱਚ ਰਹਿੰਦੇ ਭਾਰਤੀਆਂ ਦੀ ਮੰਦੀ ਹਾਲਤ ਵੇਖੀ ਤਾਂ ਉਸਨੇ ਉਹਨਾਂ ਦੀ ਲੜਾਈ ਲੜਨ ਲਈ ਕੁਝ ਚਿਰ ਹੋਰ ਰਹਿਣ ਦਾ ਮਨ ਬਣਾ ਲਿਆ। 1915 ਵਿੱਚ ਉਹ ਭਾਰਤ ਵਾਪਿਸ ਆ ਗਿਆ ਅਤੇ ਆਉਣ ਸਾਰ ਹੀ ਉਹ

ਕਾਂਗਰਸ ਦੇ ਸੰਪਰਕ ਵਿੱਚ ਆਇਆ। ਜਦੋਂ ਪਹਿਲੀ ਸੰਸਾਰ ਜੰਗ ਛਿੜੀ ਤਾਂ ਮਹਾਤਮਾ ਗਾਂਧੀ ਨੇ ਅੰਗਰੇਜ਼ ਸਰਕਾਰ ਦੀ ਇਸ ਆਸ ਤੇ ਸਹਾਇਤਾ ਕੀਤੀ ਕਿ ਉਹ ਜੰਗ ਖ਼ਤਮ ਹੁੰਦੇ ਹੀ ਭਾਰਤ ਨੂੰ ਆਜ਼ਾਦ ਕਰ ਦੇਣਗੇ। ਪਰ ਅੰਗਰੇਜ਼ ਆਪਣੇ ਵਾਅਦੇ ਤੇ ਪੂਰੇ ਨਾ ਉਤਰੇ। ਇਸ ਦੇ ਬਾਅਦ ਉਨ੍ਹਾਂ ਨੇ ਸਤਿਆਗ੍ਰਹਿ ਅਤੇ ਸਵਦੇਸ਼ੀ ਵਰਗੇ ਅੰਦੋਲਨ ਚਲਾਏ, ਜਿਸ ਤੋਂ ਭਾਵ ਸੀ ਕਿ ਭਾਰਤੀ ਲੋਕ ਨਾ ਤਾਂ ਵਿਦੇਸ਼ੀ ਚੀਜ਼ਾਂ ਦਾ ਇਸਤੇਮਾਲ ਕਰਨਗੇ ਅਤੇ ਨਾ ਹੀ ਸਰਕਾਰ ਨੂੰ ਕੋਈ ਟੈਕਸ ਦੇਣਗੇ। ਇਸ ਸੰਬੰਧ ਵਿਚ ਉਹ 6 ਸਾਲ ਜੇਲ੍ਹ ਵਿੱਚ ਰਹੇ ਪਰ ਸਿਹਤ ਦੀ ਖਰਾਬੀ ਕਰਕੇ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਲੋਕਾਂ ਦੀ ਆਮ ਰਾਇ ਨੂੰ ਵੇਖਦੇ ਹੋਏ ਅੰਗਰੇਜ਼ ਹਕੂਮਤ ਨੇ ਗੋਲ-ਮੇਜ਼ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਜਿਸ ਵਿਚ ਅੰਗਰੇਜ਼ ਸਰਕਾਰ ਦੇ ਅਤੇ ਭਾਰਤੀ ਲੋਕਾਂ ਦੇ ਨੁਮਾਇੰਦਿਆਂ ਨੇ ਭਾਗ ਲੈਣਾ ਸੀ। ਪਹਿਲੀ ਗੋਲਮੇਜ਼ ਕਾਨਫਰੰਸ ਵਿੱਚ ਕਾਂਗਰਸ ਨੇ ਬਾਈਕਾਟ ਕੀਤਾ। ਦੂਜੀ ਕਾਨਫਰੰਸ ਵਿੱਚ ਗਾਂਧੀ ਜੀ ਕਾਂਗਰਸ ਦੇ ਨੁਮਾਇੰਦੇ ਵਜੋਂ ਹਾਜ਼ਰ ਹੋਏ। 1935 ਵਿੱਚ ਭਾਰਤ ਸਰਕਾਰ ਦੇ ਐਕਟ ਅਧੀਨ ਕੁਝ ਸ਼ਕਤੀਆਂ ਰਾਜਾਂ ਨੂੰ ਦੇ ਦਿੱਤੀਆਂ ਗਈਆਂ। ਜਿਸ ਸਦਕਾ ਕਾਂਗਰਸ ਨੇ 9 ਰਾਜਾਂ ਵਿੱਚ ਆਪਣੀਆਂ ਸਰਕਾਰਾਂ ਬਣਾਈਆਂ। 1942 ਵਿਚ ਗਾਂਧੀ ਜੀ ਨੇ ਭਾਰਤ ਛੱਡੋ ਅੰਦੋਲਨ ਛੇੜ ਦਿੱਤਾ ਜਿਸ ਦੇ ਫਲਸਰੂਪ, ਅੰਗਰੇਜ਼ਾਂ ਨੂੰ ਆਖ਼ਰਕਾਰ 1947 ਵਿੱਚ ਹਿੰਦੁਸਤਾਨ ਛੱਡਣਾ ਪਿਆ, ਭਾਵੇਂ ਕਿ ਹਿੰਦੁਸਤਾਨ ਦੇ ਦੋ ਟੋਟੇ (ਭਾਰਤ ਅਤੇ ਪਾਕਿਸਤਾਨ) ਹੋ ਗਏ। ਮਹਾਤਮਾ ਗਾਂਧੀ ਜੀ ਇਕ ਨੌਜਵਾਨ ਨਥੂ ਰਾਮ ਗੋਡਸੇ ਦੇ ਹੱਥੋਂ 30 ਜਨਵਰੀ 1948 ਨੂੰ ਗੋਲੀਆਂ ਦਾ ਸ਼ਿਕਾਰ ਹੋ ਗਏ।

## 9.2 ਅਹਿੰਸਾ (Non-Violence)

ਸੱਚਾਈ ਉਦੇਸ਼ ਹੈ ਅਤੇ ਅਹਿੰਸਾ ਉਸ ਸਚਾਈ ਤੇ ਪਹੁੰਚਣ ਦਾ ਸਾਧਨ ਹੈ। ਸਚਾਈ ਦੀ ਖੋਜ ਵਿਚ ਗਾਂਧੀ ਜੀ ਨੇ ਸਚਾਈ ਤੱਕ ਪਹੁੰਚਣ ਦਾ ਰਾਹ ਅਹਿੰਸਾ ਖੋਜਿਆ। ਅਹਿੰਸਾ ਹੀ ਸੁਚੱਜਾ ਤਰੀਕਾ ਹੈ ਸੱਚ ਤੱਕ ਪਹੁੰਚਣ ਦਾ ਕਿਉਂਕਿ ਇਸ ਵਿੱਚ ਸਚਾਈ ਦੀ ਰੂਹ ਸਮੋਈ ਹੋਈ ਹੈ। ਗਾਂਧੀਵਾਦ ਵਿੱਚ ਉਦੇਸ਼ ਅਤੇ ਸਾਧਨ ਇਕੋ ਸਿੱਕੇ ਦੇ ਦੋ ਪਾਸੇ ਹਨ। ਗਾਂਧੀ ਜੀ ਅਨੁਸਾਰ, ''ਅਹਿੰਸਾ ਮੇਰਾ ਪ੍ਰਮਾਤਮਾ ਹੈ, ਅਤੇ ਸਚਾਈ ਮੇਰਾ ਪ੍ਰਮਾਤਮਾ ਹੈ। ਜਦੋਂ ਮੈਂ ਅਹਿੰਸਾ ਦੀ ਭਾਲ ਵਿੱਚ ਹੁੰਦਾ ਹਾਂ ਤਾਂ ਸਚਾਈ ਕਹਿੰਦੀ ਹੈ, ਇਸ ਨੂੰ ਮੇਰੇ ਵਿੱਚੋਂ ਲੱਭੋ।'' ਗਾਂਧੀ ਜੀ ਦੀ ਸਾਰੀ ਫ਼ਿਲਾਸਫ਼ੀ ਕੁਝ ਧਾਰਮਿਕ ਅਤੇ ਨੈਤਿਕ ਨਿਯਮਾਂ ਉਪਰ ਅਧਾਰਤ ਹੈ। ਉਹ ਧਰਮ ਵਿੱਚ ਉਹਨਾਂ ਚੀਜ਼ਾਂ ਅਤੇ ਨਿਯਮਾਂ ਨੂੰ ਮੰਨਦਾ ਹੈ, ਜਿਨ੍ਹਾਂ ਚੀਜ਼ਾਂ ਦੀ ਪ੍ਰਤਿਨਿਧਤਾ ਸੱਚ ਅਤੇ ਅਹਿੰਸਾ ਦੁਆਰਾ ਕੀਤੀ ਜਾਂਦੀ ਹੈ। ਪ੍ਰਮਾਤਮਾ ਸੱਚ ਤੋਂ ਸਿਵਾਏ ਕੁਝ ਵੀ ਨਹੀਂ ਅਤੇ ਇਸ ਸਿਰਫ਼ ਅਹਿੰਸਾ ਰਾਹੀਂ ਹੀ ਵੇਖਿਆ ਜਾਂ ਮਹਿਸੂਸ ਕੀਤਾ ਜਾ ਸਕਦਾ ਹੈ।

ਅਹਿੰਸਾ ਤੋਂ ਭਾਵ ਜ਼ਮੀਨ ਉਪਰ ਕਿਸੇ ਵੀ ਹੋਂਦ ਨੂੰ ਦੁੱਖ ਨਾ ਦੇਣ ਤੋਂ ਹੈ, ਕਿਸੇ ਨੂੰ ਦੁੱਖੀ ਕਰਨ ਬਾਰੇ ਕੋਈ ਐਕਸ਼ਨ ਹੀ ਨਹੀਂ ਕਰਨਾ ਸਗੋਂ ਸੋਚਣਾ ਅਤੇ ਕਹਿਣਾ ਵੀ ਨਹੀਂ। ਉਸ ਰੂਪ ਵਿੱਚ ਕਿਸੇ ਨੂੰ ਮਾਰਨਾ ਹਿੰਸਾ ਨਹੀਂ ਜੇ ਉਹ ਹਜ਼ਾਰਾਂ ਲਈ ਜਾਨ ਲੇਵਾ ਬਣਦਾ ਹੈ। ਅਹਿੰਸਾ ਵਿੱਚ ਵਾਸਤਵਿਕ ਸ਼ਕਤੀ ਹੈ। ਇਸ ਦਾ ਵੱਡਾਪਣ ਤਾਂ ਇਥੋਂ ਤੱਕ ਹੈ ਕਿ ਬੁਰਾ ਕੰਮ ਕਰਨ ਵਾਲੇ ਨੂੰ ਪਿਆਰ ਕਰਨਾ। ਅਹਿੰਸਾ ਦਾ ਅਭਿਆਸ ਸਮਾਜ ਲਈ ਸ਼ੁਭ ਹੁੰਦਾ ਹੈ। ਪਰ ਬੁਜਦਿਲ ਇਨਸਾਨ ਤੋਂ ਅਹਿੰਸਾ ਦਾ ਅਭਿਆਸ ਸਹੀ ਢੰਗ ਨਾਲ ਨਹੀਂ ਕੀਤਾ ਜਾ ਸਕਦਾ। ਮਹਾਤਮਾ ਗਾਂਧੀ ਅਨੁਸਾਰ, ''ਮੈਂ ਜ਼ਿੰਦਗੀ ਦੀ ਪਵਿੱਤਰਤਾ ਵਿੱਚ ਵਿਸ਼ਵਾਸ ਕਰਦਾ ਹਾਂ, ਇਸ ਲਈ ਮੈਂ ਇਸ ਨੂੰ ਅਹਿੰਸਾ ਦੀ ਇਕ ਸ਼ਾਖਾ ਵਜੋਂ ਲੈਂਦਾ ਹਾਂ। ਇਕ ਬਾਂਦਰ ਨੂੰ ਦੁੱਖ ਦੇਣਾ ਵੀ ਹਿੰਸਾ ਹੈ। ਪਰ ਉਨ੍ਹਾਂ ਹਾਲਤਾਂ ਵਿੱਚ ਬਾਂਦਰਾਂ ਤੇ ਹਮਲਾ ਕਰਨ ਲਈ ਉਤੇਜਿਤ ਕਰਨ ਅਤੇ ਉਨ੍ਹਾਂ ਉਪਰ ਸਿੱਧਾ ਹਮਲਾ ਕਰਨ ਤੋਂ ਹਿਚਕਚਾਉਂਦਾ ਨਹੀਂ, ਜਦੋਂ ਸਰੀਰ ਨੂੰ ਬਚਾਉਣ ਦੀ ਨੌਬਤ ਆ ਜਾਵੇ। ਅਜਿਹਾ ਕੋਈ ਵੀ ਸਮਾਂ ਮੈਂ ਲੱਭਣ ਵਿਚ ਅਸਮਰਥ ਹੋਵਾਂਗਾ, ਜਿੱਥੇ ਖੇਤੀਬਾੜੀ ਨਾ ਹੋਵੇ ਅਤੇ ਜਿਥੇ ਅਜਿਹੀ ਜ਼ਿੰਦਗੀ ਦਾ ਖਾਤਮਾ ਨਾ ਹੋ ਰਿਹਾ ਹੋਵੇ। ਬੁਰਾਈ ਨੂੰ ਅਛਾਈ ਨਾਲ ਜਿੱਤਿਆ ਜਾਵੇ। ਪਰ ਅਹਿੰਸਾ ਦਾ ਅਭਿਆਸਕ ਅਹਿੰਸਾਵਾਦੀ ਤਾਂ ਹੀ ਬਣ ਸਕਦਾ ਹੈ ਜੇ ਉਹ ਆਪਣੇ ਆਪ ਨੂੰ ਅੰਦਰੋਂ ਪਵਿੱਤਰ ਕਰ ਲਵੇ। ਗਾਂਧੀ ਜੀ ਵਾਸਤੇ ਤਾਂ ਅਹਿੰਸਾ ਜੀਉਣ ਦਾ ਰਾਹ ਸੀ। ਇਹ ਧਾਰਨਾ ਸਿਰਫ਼ ਵਿਅਕਤੀਗਤ ਵਰਤਾਰੇ ਤੱਕ ਹੀ ਸੀਮਤ

ਨਹੀਂ ਸਗੋਂ ਇਹ ਸਾਰੇ ਪੱਖਾਂ, ਜਿਵੇਂ ਰਾਜਨੀਤੀ, ਅਰਥਚਾਰਾ, ਪਿਆਰ ਅਤੇ ਬਹੁਤ ਸਾਰੀਆਂ ਦੂਜੀਆਂ ਚੀਜ਼ਾਂ ਅਹਿੰਸਾ ਤੋਂ ਬਿਨ੍ਹਾਂ ਨਹੀਂ ਹੋ ਸਕਦੀਆਂ। ਇਹ ਪਿਆਰ ਤੇ ਨਿਰਭਰ ਕਰਦਾ ਹੈ। ਇਸ ਵਿੱਚ ਗੁੱਸੇ ਜਾਂ ਬੁਰਾਈ ਲਈ ਕੋਈ ਜਗ੍ਹਾ ਨਹੀਂ ਹੁੰਦੀ।

## 9.3 ਸਤਿਆਗ੍ਰਹਿ (Satyagraha)

ਅੰਗਰੇਜ਼ ਸਰਕਾਰ ਦਾ ਵਿਰੋਧ ਕਰਨ ਲਈ ਕਿਸੇ ਐਕਸ਼ਨ ਦੀ ਗਾਂਧੀ ਜੀ ਨੂੰ ਜ਼ਰੂਰਤ ਸੀ। ਗਾਂਧੀ ਜੀ ਨੇ ਅਫ਼ਰੀਕਾ ਵਿੱਚ ਜਿਸ ਤਰੀਕੇ ਨਾਲ ਸਰਕਾਰ ਦਾ ਵਿਰੋਧ ਕੀਤਾ ਉਸ ਐਕਸ਼ਨ ਨੂੰ ਉਹਨਾਂ ਨੇ ਨਿਸ਼ਕਰਮ ਵਿਰੋਧ ਦਾ ਨਾਮ ਦਿੱਤਾ ਪਰ ਭਾਰਤ ਵਿੱਚ ਉਹ ਕੋਈ ਸਿੱਧਾ ਐਕਸ਼ਨ ਕਰਨਾ ਚਾਹੁੰਦੇ ਸਨ ਜਿਸ ਲਈ ਉਹਨਾਂ ਨੇ ਸਤਿਆਗ੍ਰਹਿ ਨੂੰ ਵਾਜਿਬ ਚੁਣਿਆ। ਸਤਿਆਗ੍ਰਹਿ ਦਾ ਅੱਖਰੀ ਅਰਥ ਤਾਂ ਸੱਚ ਲਈ ਵਰਤ ਰੱਖਣਾ ਹੀ ਬਣਦਾ ਹੈ। ਜੋ ਸਤਿਆਗ੍ਰਹਿ ਵਿੱਚ ਭਾਗ ਲੈਂਦਾ ਹੈ ਜਾਂ ਕਰਦਾ ਹੈ ਉਸ ਨੂੰ ਸਤਿਆਗ੍ਰਹੀ ਕਿਹਾ ਜਾਂਦਾ ਹੈ। ਸਤਿਆਗ੍ਰਹੀ ਕਦੀ ਵੀ ਗਲਤ ਕੰਮ ਦੀ ਚੋਣ ਨਹੀਂ ਕਰਦਾ। ਸਤਿਆਗ੍ਰਹੀ ਆਪਣੇ ਐਕਸ਼ਨਾਂ ਰਾਹੀਂ ਵਿਰੋਧੀ ਦੇ ਦਿਲਾਂ ਨੂੰ ਟੰਬਣਾ ਚਾਹੁੰਦਾ ਹੈ। ਉਸਦਾ ਮਕਸਦ ਵਿਰੋਧੀ ਨੂੰ ਪਿਆਰ, ਅਹਿੰਸਾ ਤੇ ਸੱਚ ਨਾਲ ਬਦਲਣਾ ਹੁੰਦਾ ਹੈ ਨਾ ਕਿ ਤਾਕਤ ਦੀ ਵਰਤੋਂ ਕਰਨਾ। ਸਤਿਆਗ੍ਰਹੀ ਇਕ ਆਤਮਿਕ ਜਾਂ ਅਧਿਆਤਮਕ ਸ਼ਕਤੀ ਹੈ। ਇਹ ਸਚਾਈ ਤਾਂ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦੀ ਇਕ ਵਿਧੀ ਹੈ। ਸਤਿਆਗ੍ਰਹਿ ਕਿਸੇ ਦੀ ਸ਼ਖਸੀਅਤ ਦੇ ਵਿਰੁੱਧ ਨਹੀਂ ਕੀਤਾ ਜਾਂਦਾ, ਸਗੋਂ ਉਸ ਦੀਆਂ ਨੀਤੀਆਂ, ਅਸੂਲਾਂ ਅਤੇ ਕੰਮਾਂ ਦੇ ਵਿਰੁੱਧ ਕੀਤਾ ਜਾਂਦਾ ਹੈ। ਵਿਰੋਧੀ ਨੂੰ ਤੰਗ ਕਰਨਾ ਠੀਕ ਨਹੀਂ ਸਮਝਿਆ ਜਾਂਦਾ ਕਿਉਂਕਿ, ਇਸ ਵਿੱਚ ਹਿੰਸਾ ਮਿਲ ਜਾਂਦੀ ਹੈ ਅਤੇ ਨਾ ਹੀ ਸਤਿਆਗ੍ਰਹਿ ਦਾ ਆਸ਼ਾ ਕਿਸੇ ਨੂੰ ਡਰਾਉਣਾ ਧਮਕਾਉਣਾ ਹੁੰਦਾ ਹੈ। ਕਿਸੇ ਦੇ ਇਰਾਦੇ ਜਾਂ ਨੀਤੀ ਤੇ ਸ਼ੱਕ ਕਰਨ ਦਾ ਕੀ ਲਾਭ, ਲੋੜ ਤਾਂ ਆਪਣੇ ਐਕਸ਼ਨ ਜਾਂ ਵਿਧੀ ਨਾਲ ਉਸ ਦੇ ਮਨ ਨੂੰ ਬਦਲਣ ਦੀ ਹੈ। ਉਨ੍ਹਾਂ ਦੀ ਦਲੀਲ ਸੀ ਕਿ ਸਤਿਆਗ੍ਰਹੀ ਨੂੰ ਸਬਰ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਵਿਰੋਧੀ ਨੂੰ ਮੁਲਕ ਦਾ ਦੁਸ਼ਮਣ ਨਹੀਂ ਸਮਝਣਾ ਚਾਹੀਦਾ। 'ਦਲੀਲਬਾਜ਼ੀ' ਦੇ ਨਾਲ-ਨਾਲ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਦੁੱਖ ਸਹਿਣ ਦੀ ਸਮਤਾ ਦੀ ਪ੍ਰਦਰਸ਼ਨੀ ਕਰਕੇ ਉਸ ਦੀਆਂ ਅੱਖਾਂ ਖੋਹਲਣੀਆਂ ਚਾਹੀਦੀਆਂ ਹਨ।

(ਬੰਦੋਪਾਧਿਆਏ 1969, 220-1)

ਇਹ ਸੱਚ ਹੈ ਕਿ ਆਦਮੀ ਦਾ ਅਹਿੰਸਾਤਮਕ ਬਣਨਾ ਬਹੁਤ ਕਠਿਨ ਹੈ ਕਿਉਂਕਿ ਆਦਮੀ ਤਾਂ ਇਕ ਜਾਨਵਰ ਵਾਂਗ ਹੀ ਹੁੰਦਾ ਹੈ। ਪਰ ਜਦੋਂ ਰੂਹ ਬੰਦੇ ਅੰਦਰ ਬਿਰਾਜਮਾਨ ਹੈ, ਉਹ ਤਾਂ ਪੂਰੀ ਤਰ੍ਹਾਂ ਅਹਿੰਸਾਤਮਕ ਹੈ। ਇਹ ਹੀ ਸਾਡੇ ਅੰਦਰ ਉਸ ਪ੍ਰਭੂ ਦੀ ਸ਼ਕਤੀ ਦੇ ਰੂਪ ਵਿਚ ਹੈ। ਕਮਜ਼ੋਰ ਆਦਮੀ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੋ ਸਕਦਾ। ਸਤਿਆਗ੍ਰਹਿ ਦਾ ਵਿਸ਼ਵਾਸ ਪ੍ਰਮਾਤਮਾ ਵਿੱਚ ਅਵੱਸ਼ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਬੁਰਾਈ ਨਾਲ ਕੋਈ ਸੰਬੰਧ ਨਹੀਂ ਰੱਖਣਾ ਚਾਹੀਦਾ ਕਿਉਂਕਿ ਸਤਿਆਗ੍ਰਹਿ ਬੁਰਾਈ ਨਾਲ ਨਹੀਂ ਸਗੋਂ ਚੰਗਿਆਈ ਨਾਲ ਹੀ ਕੀਤਾ ਜਾ ਸਕਦਾ ਹੈ। ਸਤਿਆਗ੍ਰਹੀਆਂ ਨੂੰ ਆਪਸ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ, ਚੰਗੇ ਗੁਣਾਂ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਭਾਵੇਂ ਇਹ ਚੰਗੇ ਗੁਣ ਵਿਰੋਧੀ ਕੋਲ ਹੀ ਕਿਉਂ ਨਾ ਹੋਣ। ਇਕ ਸਤਿਆਗ੍ਰਹੀ ਕੋਲੋਂ ਕਦਾਚਿਤ ਵੀ ਇੱਛਾ ਨਹੀਂ ਕੀਤੀ ਜਾਂਦੀ ਕਿ ਉਹ ਆਪਣੇ ਵਿਰੋਧੀ ਨੂੰ ਕੋਈ ਸਖ਼ਤ ਸ਼ਬਦ ਬੋਲੇ ਜਾਂ ਉਸਦਾ ਦਿਲ ਦੁਖਾਵੇ, ਉਹ ਕਦੇ ਵੀ ਗੁੱਸੇ ਦਾ ਸ਼ਿਕਾਰ ਨਾ ਹੋਵੇ। ਸਤਿਆਗ੍ਰਹਿ ਦੀ ਵਰਤੋਂ ਸਿਰਫ਼ ਬੁਰਾਈ ਨੂੰ ਖ਼ਤਮ ਕਰਨ ਲਈ ਤਿਆਰ ਕੀਤੀ ਜਾਂਦੀ ਹੈ, ਇਹ ਪ੍ਰੈਕਟਿਸ ਜ਼ਿੰਦਗੀ ਦੇ ਹਰ ਖੇਤਰ ਵਿੱਚ ਵਾਜਿਬ ਹੈ। ਇਸ ਦੇ ਐਕਸ਼ਨ ਦਾ ਆਧਾਰ ਸਿਰਫ਼ ਪਿਆਰ ਹੀ ਹੈ। ਇਸ ਲਈ ਇਸ ਦੀ ਵਰਤੋਂ ਆਪਣੇ ਪਰਿਵਾਰ ਤੇ ਨਜ਼ਦੀਕੀ ਨਾਲ ਵੀ ਕਰ ਸਕਦੇ ਹਾਂ। ਸਤਿਆਗ੍ਰਹੀ ਆਪ ਦੁੱਖ ਝੱਲਦਾ ਹੈ, ਉਹ ਦੂਜਿਆਂ ਨੂੰ ਤਕਲੀਫ਼ ਨਹੀਂ ਦਿੰਦਾ ਕਿਉਂਕਿ ਉਹ ਸਮਝਦਾ ਹੈ ਕਿ ਉਸ ਦੇ ਵਿਚਾਰ ਵੀ ਠੀਕ ਹੋ ਸਕਦੇ ਹਨ ਅਤੇ ਉਹ ਖੁਦ ਗਲਤ ਹੋ ਸਕਦਾ ਹੈ ਜਦੋਂ ਸਤਿਆਗ੍ਰਹਿ ਵਿੱਚ ਬੰਦਾ ਦਾਖ਼ਿਲ ਹੁੰਦਾ ਹੈ ਤਾਂ ਉਹ ਸਾਰੇ ਸਾਧਨਾਂ ਨੂੰ ਤਿਲਾਂਜਲੀ ਦੇ ਦਿੰਦਾ ਹੈ। ਉਹ ਕਿਸੇ ਸੰਗਠਿਤ ਅਥਾਰਿਟੀ ਨੂੰ ਅਪਰੋਚ ਕਰਦਾ ਹੈ, ਉਹ ਲੋਕਾਂ ਨੂੰ ਆਪਣੇ

ਖ਼ਿਆਲ ਬਾਰੇ ਸਿਖਿਅਤ ਕਰਦਾ ਹੈ, ਲੋਕਾਂ ਦੀ ਰਾਏਸ਼ੁਮਾਰੀ ਕਰਦਾ ਹੈ, ਪਰ ਇਹ ਸਭ ਕੁਝ ਬਹੁਤ ਹੀ ਪਿਆਰ ਅਤੇ ਠੰਡੇ ਦਿਮਾਗ ਨਾਲ ਕਰਦਾ ਹੈ। ਸਤਿਆਗ੍ਰਹਿ ਤਾਂ ਹੀ ਸ਼ੁਰੂ ਕਰਦਾ ਹੈ, ਕਿਉਂਕਿ ਉਹ ਆਪਣੇ ਦਿਲ ਦੀ ਆਵਾਜ਼ ਸੁਣਦਾ ਹੈ। ਸਤਿਆਗ੍ਰਹੀ ਨੂੰ ਬੁਰਾਈ ਤੇ ਬੁਰਾਈ ਕਰਨ ਵਾਲੇ ਵਿੱਚ ਨਿਖੇੜਾ ਕਰ ਲੈਣਾ ਚਾਹੀਦਾ ਹੈ ਤੇ ਉਸ ਨੂੰ ਬੁਰਾਈ ਨੂੰ ਖ਼ਤਮ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ ਨਾ ਕਿ ਬੁਰਾਈ ਕਰਨ ਵਾਲੇ ਦੇ ਖ਼ਿਲਾਫ਼ ਕੋਈ ਮੰਦ ਭਾਵਨਾ ਰੱਖਣੀ ਚਾਹੀਦੀ ਹੈ। ਝੂਠ ਦਾ ਮੁਕਾਬਲਾ ਸੱਚ ਨਾਲ ਅਤੇ ਹਿੰਸਾ ਦਾ ਅਹਿੰਸਾ ਨਾਲ ਕੀਤਾ ਜਾਵੇ। ਗਾਂਧੀ ਜੀ ਅਨੁਸਾਰ ਸਤਿਆਗ੍ਰਹੀ ਨੂੰ ਕੁਝ ਗੱਲਾਂ ਤੇ ਵਾਅਦਾ ਕਰਨਾ ਚਾਹੀਦਾ ਹੈ ਜਿਵੇਂ :

(i) ਉਹ ਬ੍ਰਹਮਚਾਰੀ ਜੀਵਨ ਬਸਰ ਕਰੇ।

(ii) ਕਿਸੇ ਵੀ ਕਿਸਮ ਦੀ ਜ਼ਿੰਦਗੀ ਨੂੰ ਖ਼ਤਮ ਨਾ ਕਰੇ।

(iii) ਕਦੀ ਵੀ ਝੂਠ ਨਾ ਬੋਲੇ।

(iv) ਹਮੇਸ਼ਾਂ ਨਿਆਂ ਕਰੇ।

(v) ਆਪਣੀਆਂ ਇੱਛਾਵਾਂ ਜ਼ਿੰਦਗੀ ਦੀਆਂ ਜ਼ਰੂਰਤਾਂ ਅਨੁਸਾਰ ਸੀਮਿਤ ਕਰੇ।

ਗਾਂਧੀ ਜੀ ਨੇ ਸਤਿਆਗ੍ਰਹੀ ਲਈ ਜੋ ਪ੍ਰੋਗਰਾਮ ਦਿੱਤੇ ਉਹ ਇਸ ਤਰ੍ਹਾਂ ਹਨ :-

(i) ਕਿਸੇ ਵੀ ਕੀਮਤ ਤੇ ਏਕਤਾ ਬਣਾਈ ਰੱਖੇ।

(ii) ਛੂਤ-ਛਾਤ ਨੂੰ ਖ਼ਤਮ ਕਰਨ ਲਈ ਅਣਥੱਕ ਯਤਨ ਕਰੇ।

(iii) ਸ਼ਰਾਬ ਪੀਣ ਦੀ ਮਨਾਹੀ।

(iv) ਪਿੰਡਾਂ ਦੀ ਸਨਅਤ ਵਿਚ ਵਾਧਾ।

(v) ਔਰਤਾਂ ਦੀ ਦਸ਼ਾ ਸੁਧਾਰਨ ਲਈ ਯਤਨ ਕਰੇ।

(vi) ਸਤਿਆਗ੍ਰਹਿ ਕੇਵਲ ਸਮੂਹਿਕ ਅਤੇ ਅਨਿੱਜੀ ਮਨੋਰਥਾਂ ਲਈ ਕੀਤਾ ਜਾਵੇ।

ਗਾਂਧੀ ਜੀ ਨੇ ਸਤਿਆਗ੍ਰਹਿ ਵਿੱਚ ਭਾਗ ਲੈਣ ਵਾਲਿਆਂ, ਲਈ ਕੁਝ ਵਤੀਰੇ ਤੇ ਨਿਯਮ ਦੱਸੇ, ਜਿਨ੍ਹਾਂ ਦੀ ਪਾਲਣਾ ਕਰਨਾ ਜ਼ਰੂਰੀ ਕਰਾਰ ਦਿੱਤਾ ਗਿਆ। ਗਾਂਧੀ ਜੀ ਅਨੁਸਾਰ ਸਤਿਆਗ੍ਰਹੀ ਨੂੰ ਚਾਹੀਦਾ ਹੈ ਕਿ ਉਹ ਗੁੱਸਾ ਨਾ ਕਰੇ ਵਿਰੋਧੀ ਦਾ ਗੁੱਸਾ ਸਹੇ ਪਰ ਆਮ ਹਮਲਾ ਕਦੀ ਨਾ ਕਰੇ ਅਤੇ ਡਰ ਕੇ ਕਦੀ ਗੋਡੇ ਨਾ ਟੇਕੇ, ਕੈਦ ਹੋਣੋਂ ਪਿਛੇ ਨਾ ਹਟੇ ਅਤੇ ਜਾਇਦਾਦ ਖੁੱਸਣ ਤੇ ਇਸ ਦਾ ਵਿਰੋਧ ਨਾ ਕਰੇ, ਪਰ ਜੇ ਉਹ ਕਿਸੇ ਜਾਇਦਾਦ ਦਾ ਟਰਸਟੀ ਹੈ ਤਾਂ ਇਹ ਜਾਇਦਾਦ ਬਚਾਉਣ ਲਈ ਆਪਣੀ ਜਾਨ ਵੀ ਵਾਰ ਦੇਵੇ, ਵਿਰੋਧੀ ਨੂੰ ਬਦਅਸੀਸ ਨਾ ਦੇਵੇ, ਵਿਰੋਧੀ ਦੀ ਬੇਇਜ਼ਤੀ ਨਾ ਕਰੇ, ਯੂਨੀਅਨ ਜੈਕ ਨੂੰ ਸਲਾਮ ਨਾ ਕਰੇ, ਜੇ ਕੋਈ ਹੋਰ ਸਰਕਾਰੀ ਕਰਮਚਾਰੀ ਤੇ ਹਮਲਾ ਕਰੇ ਤਾਂ ਉਹ ਕਰਮਚਾਰੀ ਨੂੰ ਬਚਾਵੇ, ਉਹ ਵਰਤ ਰੱਖੇ, ਆਪ ਕਸ਼ਟ ਸਹੇ।

ਸਤਿਆਗ੍ਰਹਿ ਕਈ ਕਿਸਮ ਦਾ ਹੁੰਦਾ ਹੈ :-

(ੳ) ਹੜਤਾਲ (ਅ) ਸ਼ੁੱਧ ਵਰਤ (ੲ) ਸਿਵਲ-ਨਾ ਫੁਰਮਾਨੀ

(ਸ) ਨਾ-ਮਿਲਵਰਤਣ

(ਹ) ਹਿਜ਼ਰਤ (ਕ) ਬਾਈਕਾਟ।

ਅਹਿੰਸਾ, ਅਸਹਿਯੋਗ ਗੁੱਸੇ ਦੇ ਪ੍ਰਗਟਾਵੇ ਦੇ ਰੂਪ ਵਿੱਚ ਵਰਤੇ ਜਾਂਦੇ ਹਨ। ਸਰਵੋਦਿਆ ਪ੍ਰਾਪਤੀ ਦਾ ਸਾਧਨ ਉਹ ਅਹਿੰਸਾ ਹੀ ਮੰਨਦੇ ਹਨ। ਹਿੰਸਾ ਰਾਹੀਂ ਕਦੇ ਵੀ ਤੁਸੀਂ ਆਪਣੇ ਆਸ਼ੇ ਤੇ ਨਹੀਂ ਪਹੁੰਚ ਸਕਦੇ। ਇਸ ਸਾਧਨ ਨੂੰ ਅਪਣਾਉਂਦੇ ਹੋਏ ਵਿਰੋਧੀ ਨਾਲ ਕਦੀ ਵੀ ਟੱਕਰ ਵਿੱਚ ਨਹੀਂ ਆਉਣਾ ਚਾਹੀਦਾ, ਨਾ ਹੀ ਉਸ ਨੂੰ ਆਪਣਾ ਦੁਸ਼ਮਣ

ਸਮਝਣਾ ਚਾਹੀਦਾ ਹੈ, ਸਗੋਂ ਉਪਰੋਕਤ ਸਾਧਨ ਵਰਤਦੇ ਹੋਏ ਉਸਦੀਆਂ ਗਲਤ ਹਰਕਤਾਂ ਨੂੰ ਠੀਕ ਕਰਨਾ ਚਾਹੀਦਾ ਹੈ। ਇਹਨਾਂ ਦੀ ਵਰਤੋਂ ਹਰ ਖੇਤਰ ਵਿੱਚ ਕੀਤੀ ਜਾ ਸਕਦੀ ਹੈ। ਉਹਨਾਂ ਤਾਂ ਇੱਥੋਂ ਤੱਕ ਕਿਹਾ ਹੈ ਕਿ ਮੇਰਾ ਲੜਕਾ ਸ਼ਰਮ ਦੀ ਜ਼ਿੰਦਗੀ ਜਿਉਂਦਾ ਹੋਵੇ ਤਾਂ ਮੈਂ ਉਸ ਦੀ ਸਹਾਇਤਾ ਨਹੀਂ ਕਰਾਂਗਾ ਸਗੋਂ ਇਸ ਤੋਂ ਉਲਟ ਮੈਂ ਉਸ ਤੋਂ ਸਾਰੀ ਸਹਾਇਤਾ ਵਾਪਿਸ ਲੈ ਲਵਾਂਗਾ ਅਤੇ ਜੇ ਉਹ ਆਪਣੀ ਗਲਤੀ ਮੰਨ ਲਵੇ ਤਾਂ ਮੈਂ ਉਸ ਨੂੰ ਜੀ ਆਇਆ ਕਹਾਂਗਾ। ਸਤਿਆਗ੍ਰਹੀ ਨੂੰ ਆਪਣੇ ਵਿਰੋਧੀ ਨੂੰ ਇਹ ਜਚਾ ਦੇਣਾ ਚਾਹੀਦਾ ਹੈ ਕਿ ਉਹ ਉਸਦਾ ਦੁਸ਼ਮਣ ਨਹੀਂ ਸਗੋਂ ਉਸ ਲਈ, ਉਸ ਦੇ ਦਿਲ ਵਿੱਚ ਮਿੱਤਰਤਾ ਵੀ ਹੈ ਤੇ ਉਹ ਉਸ ਨੂੰ ਮਨੁੱਖੀ ਸੇਵਾਵਾਂ ਵੀ ਅਰਪਣ ਕਰ ਸਕਦਾ ਹੈ ਜਦੋਂ ਉਸਨੂੰ ਜ਼ਰੂਰਤ ਮਹਿਸੂਸ ਹੋਵੇ।

ਵਰਤ ਰਾਹੀਂ ਤਾਂ ਸਤਿਆਗ੍ਰਹੀ ਬਿਲਕੁਲ ਵੀ ਵਿਰੋਧੀ ਨੂੰ ਤੰਗ ਨਹੀਂ ਕਰਦਾ ਸਗੋਂ ਉਸ ਦੀਆਂ ਸਾਰੀਆਂ ਤਕਲੀਫ਼ਾਂ ਆਪ ਸਹਾਰਦਾ ਹੈ। ਇਹ ਅੰਨ੍ਹਿਆਂ ਦੇ ਖਿਲਾਫ਼ ਅਜ਼ਹਾਰ ਦਾ ਬਹੁਤ ਹੀ ਪ੍ਰਤਿਭਾਸ਼ਾਲੀ ਸਾਧਨ ਹੈ। ਇਸ ਦੀ ਵਰਤੋਂ ਵੀ ਜ਼ਿੰਦਾ ਦਿਲ ਮਨੁੱਖ ਹੀ ਕਰਦਾ ਹੈ ਨਾ ਕਿ ਕਮਜ਼ੋਰ ਆਦਮੀ, ਕਿਉਂਕਿ ਇਹ ਸਿਰਫ਼ ਵਰਤ ਰੱਖਣ ਦੀ ਸਰੀਰਕ ਸਮਰਥਾ ਦੀ ਹੀ ਗੱਲ ਨਹੀਂ ਸਗੋਂ ਪ੍ਰਮਾਤਮਾ ਵਿੱਚ ਵਿਸ਼ਵਾਸ ਦੀ ਵੀ ਗੱਲ ਹੈ। ਇਸ ਤੋਂ ਇਲਾਵਾ ਉਸ ਦਾ ਇਹ ਪੱਕਾ ਵਿਸ਼ਵਾਸ ਹੁੰਦਾ ਹੈ ਕਿ ਪ੍ਰਮਾਤਮਾ ਉਸ ਨੂੰ ਸੱਚ ਪਾਲਣਾ ਦੀ ਸਮਰੱਥਾ ਬਖਸ਼ੇਗਾ। ਵਰਤ ਦੀ ਵਰਤੋਂ ਵਿਅਕਤੀ ਅਤੇ ਸਮੂੰਹ ਦੋਵੇਂ ਕਰ ਸਕਦੇ ਹਨ। ਪਰ ਇਸ ਦੀ ਵਰਤੋਂ ਸਤਿਆਗ੍ਰਹੀ ਨੂੰ ਉਸ ਸਮੇਂ ਹੀ ਕਰਨੀ ਚਾਹੀਦੀ ਹੈ ਜਦੋਂ ਉਸ ਨੇ ਹੋਰ ਸਾਰੇ ਵਸੀਲੇ ਵਰਤ ਲਏ ਹੋਣ। ਸਿਵਲ ਨਾਫਰਮਾਨੀ ਦੀ ਵਰਤੋਂ ਰਾਜਨੀਤੀ ਦੇ ਖੇਤਰ ਵਿੱਚ ਕੀਤੀ ਜਾਂਦੀ ਹੈ। ਜੋ ਕਾਨੂੰਨ ਨੈਤਿਕ ਹਨ, ਭਾਵ ਠੀਕ ਹਨ, ਜੋ ਲੋਕਾਂ ਨੂੰ ਤੰਗ ਨਹੀਂ ਕਰਦੇ ਭਾਵ ਲੋਕਾਂ ਦੇ ਹਿੱਤਾਂ ਦੀ ਗੱਲ ਕਰਦੇ ਹਨ, ਉਹਨਾਂ ਨੂੰ ਮੰਨਣੋਂ ਸਤਿਆਗ੍ਰਹੀ ਇਨਕਾਰੀ ਨਹੀਂ ਹੁੰਦਾ। ਜੋ ਨਿਯਮ ਨਾਫਰਮਾਨੀ ਵਾਸਤੇ ਬਣਾਏ ਜਾਂਦੇ ਹਨ ਉਹ ਅਜਿਹੇ ਹੋਣੇ ਚਾਹੀਦੇ ਹਨ ਜੋ ਆਮ ਲੋਕ ਵੀ ਉਨ੍ਹਾਂ ਨੂੰ ਸਮਝ ਸਕਣ ਅਤੇ ਇਸ ਵਿੱਚ ਭਾਗ ਲੈ ਸਕਣ। ਹਿਜ਼ਰਤ ਦਾ ਇਥੇ ਮਤਲਬ ਹੈ ਆਪ ਆਪਣੀ ਮਰਜ਼ੀ ਨਾਲ ਜਗ੍ਹਾਂ ਛੱਡ ਕੇ ਚਲੇ ਜਾਣਾ। ਇਸ ਦੀ ਪ੍ਰੈਕਟਿਸ ਵੀ ਵਿਅਕਤੀ ਅਤੇ ਸਮੂੰਹ ਦੁਆਰਾ ਹੋ ਸਕਦੀ ਹੈ। ਅਧਿਕਾਰ ਲੈਣ ਲਈ ਜਿਵੇਂ ਰੋਮ ਦੇ ਪੈਟਰੀਸੀਅਨਜ਼ ਤੋਂ ਆਪਣੇ ਲਈ ਪਲੇਬੀਅਨਜ਼ ਨੇ ਇਸ ਸਾਧਨ ਦੀ ਵਰਤੋਂ ਕੀਤੀ, ਜਿਵੇਂ ਇਸਰਾਲੀਆ ਦੀ ਸੋਚੀ ਸਮਝੀ ਉਡਾਣ, ਮੁਹੰਮਦ ਦੀ ਮੱਕਾ ਤੋਂ ਮਦੀਨਾ ਉਡਾਣ, ਪਿਉਰੀਟਨ ਫਾਦਰਜ਼ ਦੀ ਇੰਗਲੈਂਡ ਤੋਂ ਹਿਜ਼ਰਤ ਆਦਿ ਕੁਝ ਹਿਜ਼ਰਤ ਦੇ ਇਤਿਹਾਸਕ ਪ੍ਰਮਾਣ ਹਨ।

ਬਾਈਕਾਟ ਤੋਂ ਭਾਵ ਹੈ ਵਿਰੋਧੀ ਦੇ ਵਿਚਾਰਾਂ, ਸਰਕਾਰ ਦੇ ਕਾਨੂੰਨਾਂ, ਉਤਪਾਦਨ ਵਸਤਾਂ ਆਦਿ ਦਾ ਬਾਈਕਾਟ ਕਰਨਾ।

ਜੇ ਉਪਰੋਕਤ ਦਿੱਤੇ ਸਤਿਆਗ੍ਰਹੀ ਪੜਾਵਾਂ ਨੂੰ ਸੰਖੇਪ ਵਿੱਚ ਲਿਖਣਾ ਹੋਵੇ ਤਾਂ ਅਸੀਂ ਇੰਝ ਕਹਾਂਗੇ ਕਿ ਝਗੜਾ ਨਿਬੇੜਨ ਲਈ ਕੋਸ਼ਿਸ਼ ਕੀਤੀ ਜਾਵੇ। ਜੇ ਸਮਝੌਤਾ ਨਾ ਹੋਵੇ ਤਾਂ ਸਿੱਧੇ ਐਕਸ਼ਨ ਦੀ ਤਿਆਰੀ ਕੀਤੀ ਜਾਵੇ ਤੇ ਸੰਘਰਸ਼ ਸ਼ੁਰੂ ਕੀਤਾ ਜਾਵੇ। ਜੇ ਫਿਰ ਵੀ ਵਿਰੋਧੀ ਠੀਕ ਰਾਹ ਤੇ ਨਾ ਆਵੇ ਤਾਂ ਅਲਟੀਮੇਟਮ ਦਿੱਤਾ ਜਾਵੇ। ਬਾਅਦ ਵਿੱਚ ਆਰਥਿਕ ਬਾਈਕਾਟ ਕਰਨਾ ਚਾਹੀਦਾ ਹੈ। ਜੇ ਫਿਰ ਵੀ ਸਮਝੌਤਾ ਨਾ ਹੋਵੇ ਤਾਂ ਹੜਤਾਲ ਕਰ ਦਿਉ। ਬਾਅਦ ਵਿੱਚ ਨਾ-ਮਿਲਵਰਤਣ ਤੇ ਸਿਵਲ-ਨਾ ਫੁਰਮਾਨੀ ਦੀ ਵਰਤੋਂ ਹੋ ਸਕਦੀ ਹੈ। ਇਸ ਤੋਂ ਬਾਅਦ ਸਰਕਾਰ ਦੇ ਕੰਮ ਆਪਣੇ ਹੱਥ ਵਿਚ ਲੈ ਲੈਣਾ, ਤੇ ਫੇਰ ਸਮਾਨੰਤਰ ਸਰਕਾਰ ਖੜ੍ਹੀ ਕਰ ਦੇਣਾ ਜੋ ਕਿ ਆਖ਼ੀਰੀ ਕਦਮ ਹੈ।

ਸਤਿਆਗ੍ਰਹਿ ਸਿੱਧੇ ਐਕਸ਼ਨ ਲਈ ਬਹੁਤ ਹੀ ਸ਼ਕਤੀਸ਼ਾਲੀ ਸਾਧਨ ਹੈ। ਸਤਿਆਗ੍ਰਹਿ ਵਿੱਚ ਸਾਧਨ ਵਰਤਣ ਲਗਿਆਂ ਹੋਰ ਸਾਧਨਾਂ ਨੂੰ ਵੰਡ ਦਿੰਦਾ ਹੈ। ਜੇ ਨਾ-ਫੁਰਮਾਨੀ ਜਾਂ ਸਤਿਆਗ੍ਰਹੀ ਮੁਜ਼ਾਹਰਿਆਂ ਨੂੰ ਉਤਸ਼ਾਹਿਤ ਕਰਦਾ ਹੈ, ਜਿਨ੍ਹਾਂ ਨੇ ਕਾਨੂੰਨ ਤੋੜਿਆ ਹੁੰਦਾ ਹੈ, ਨੂੰ ਛੱਡਣ ਲਈ ਕਹਿੰਦਾ ਹੈ ਤਾਂ ਇਹ ਦੁਰਗਰਾਹਾਂ ਨਾਲੋਂ ਵੀ ਭੈੜਾ ਹੈ। ਗਾਂਧੀ ਜੀ ਅਨੁਸਾਰ ਸਤਿਆਗ੍ਰਹਿ ਤਿੰਨ ਗੱਲਾਂ ਤੇ ਨਿਰਭਰ ਕਰਦਾ ਹੈ :-

(ੳ) ਸਚਾਈ

(ਅ) ਅਹਿੰਸਾ

(ੲ) ਆਪ-ਸੰਤਾਪ

ਸਤਿਆਗ੍ਰਹਿ ਇਕੱਲਾ ਹੀ ਸਮਾਜਿਕ ਤਬਦੀਲੀ ਲਿਆਉਣ ਵਾਲਾ ਸੰਦ ਨਹੀਂ ਪਰ ਇਹ ਸਮਾਜਿਕ ਤਬਦੀਲੀ ਵਿੱਚ ਬਹੁਤ ਵੱਡੀ ਭੂਮਿਕਾ ਨਿਭਾ ਸਕਦਾ ਹੈ। ਇਹ ਆਰਥਿਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਤਬਦੀਲੀ ਲਿਆਉਣ ਲਈ ਕਾਫ਼ੀ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਭਾਰਤ ਦੀ ਆਜ਼ਾਦੀ ਸਮੇਂ ਗਾਂਧੀ ਜੀ ਨੇ ਸਿਵਲ-ਨਾਫੁਰਮਾਨੀ ਅਤੇ ਨਾ-ਮਿਲਵਰਤਣ ਨੂੰ ਸਤਿਆਗ੍ਰਹਿ ਦੇ ਸਾਧਨਾਂ ਵਜੋਂ ਵਰਤਿਆ। ਗਾਂਧੀ ਜੀ ਦੁਆਰਾ ਦਿੱਤਾ ਨਾਹਰਾ (1942) 'ਕਰੋ ਜਾਂ ਮਰੋ' ਸਤਿਆਗ੍ਰਹਿ ਅਤੇ ਅਹਿੰਸਾ ਦੀ ਬਹੁਤ ਵੱਡੀ ਉਦਾਹਰਣ ਹੈ।

## 9.4 ਸਾਰ

ਉਪਰੋਕਤ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਗਾਂਧੀ ਜੀ ਅਨੁਸਾਰ ਅਹਿੰਸਾ ਇਕ ਨੈਤਿਕ ਗੁਣ ਹੈ ਅਤੇ ਇਹ ਇਕ ਸਰਵਉਤਮ ਧਰਮ ਹੈ। ਇਹ ਜੀਵਨ ਦਾ ਜ਼ਰੂਰੀ ਨਿਯਮ ਹੈ। ਗਾਂਧੀ ਜੀ ਨੇ ਅਹਿੰਸਾ ਨੂੰ ਸਮਾਜਕ ਅਤੇ ਰਾਜਨੀਤਿਕ ਹਥਿਆਰ ਵਜੋਂ ਵਰਤਿਆ। ਉਨ੍ਹਾਂ ਨੇ ਅਹਿੰਸਾ ਨੂੰ ਪਰਿਭਾਸ਼ਿਤ ਕਰਦੇ ਹੋਏ ਹਰ ਇਕ ਨਾਲ ਪਿਆਰ ਅਤੇ ਪੂਰਨ ਨਿਸ਼ਕਾਮਤਾ ਨਾਲ ਪੇਸ਼ ਆਉਣਾ ਦਸਿਆ। ਉਨ੍ਹਾਂ ਦਾ ਮੰਨਣਾ ਸੀ ਕਿ ਬੁਰਾਈ ਨੂੰ ਅਛਾਈ ਨਾਲ ਜਿਤਿਆ ਜਾਵੇ। ਗਾਂਧੀ ਜੀ ਦਾ ਵਿਚਾਰ ਸੀ ਕਿ ਅਹਿੰਸਾ ਪਿਆਰ ਤੇ ਨਿਰਭਰ ਕਰਦੀ ਹੈ ਇਸ ਵਿੱਚ ਗੁੱਸੇ ਅਤੇ ਬੁਰਾਈ ਦੀ ਕੋਈ ਥਾਂ ਨਹੀਂ।

ਸਤਿਆਗ੍ਰਹਿ ਦੇ ਸੰਕਲਪ ਨੂੰ ਪਰਿਭਾਸ਼ਿਤ ਕਰਦੇ ਹੋਏ ਗਾਂਧੀ ਜੀ ਨੇ ਕਿਹਾ ਕਿ ਇਹ ਸੱਚ ਲਈ ਵਰਤ ਰੱਖਣਾ ਹੁੰਦਾ ਹੈ। ਸਤਿਆਗ੍ਰਹਿ ਕਿਸੇ ਦੀ ਸਖਸ਼ੀਅਤ ਦੇ ਵਿਰੁੱਧ ਨਹੀਂ ਕੀਤਾ ਜਾਂਦਾ ਸਗੋਂ ਉਸ ਦੀਆਂ ਨੀਤੀਆਂ, ਅਸੂਲਾਂ ਅਤੇ ਕੰਮਾਂ ਦੇ ਵਿਰੁੱਧ ਕੀਤਾ ਜਾਂਦਾ ਹੈ। ਸਤਿਆਗ੍ਰਹਿ ਦਾ ਮਨੋਰਥ ਨਾ ਤਾਂ ਵਿਰੋਧੀ ਨੂੰ ਤੰਗ ਕਰਨਾ ਹੈ ਅਤੇ ਨਾ ਹੀ ਉਸ ਨੂੰ ਡਰਾਉਣਾ ਬਲਕਿ ਉਸ ਨੂੰ ਦਲੀਲਾਂ ਦੇ ਕੇ ਉਸਦੇ ਦਿਲ ਦਿਮਾਗ ਨੂੰ ਬਦਲਣ ਦੀ ਕੋਸ਼ਿਸ਼ ਕਰਨਾ ਹੈ। ਸਤਿਆਗ੍ਰਹਿ ਨੂੰ ਸਬਰ ਅਤੇ ਠੰਰਮੇ ਤੋਂ ਕੰਮ ਲੈਣਾ ਚਾਹੀਦਾ ਹੈ। ਉਸ ਨੂੰ ਸੱਚ, ਅਹਿੰਸਾ, ਨਿਆਂ, ਬ੍ਰਹਮਚਾਰੀ ਜੀਵਨ, ਸੀਮਿਤ ਇਛਾਵਾਂ ਦੀ ਜ਼ਿੰਦਗੀ ਬਸਰ ਕਰਨ ਦੀਆਂ ਪੰਜ ਕਸਮਾਂ ਖਾਣੀਆਂ ਚਾਹੀਦੀਆਂ ਹਨ। ਹਰੇਕ ਸਤਿਆਗ੍ਰਹੀ ਲਈ ਜ਼ਰੂਰੀ ਹੈ ਕਿ ਉਹ ਕਿਸੇ ਵੀ ਕੀਮਤ ਤੇ ਏਕਤਾ ਬਣਾਈ ਰੱਖੇ, ਨਸ਼ਿਆਂ ਤੋਂ ਦੂਰ ਰਹੇ, ਛੂਆ-ਛਾਤ ਖਤਮ ਕਰੇ, ਔਰਤਾਂ ਦੀ ਦਸ਼ਾ ਸੁਧਾਰਨ ਲਈ ਯਤਨ ਕਰੇ ਅਤੇ ਪਿੰਡ ਵਿੱਚ ਸਨਅਤ ਦਾ ਵਾਧਾ ਕਰੇ। ਗਾਂਧੀ ਜੀ ਅਨੁਸਾਰ ਸਤਿਆਗ੍ਰਹਿ ਦੇ ਤਿੰਨ ਮੁੱਖ ਲੱਛਣ ਹਨ ਸਚਾਈ, ਅਹਿੰਸਾ ਅਤੇ ਆਪ-ਸੰਤਾਪ। ਇਨ੍ਹਾਂ ਚੀਜ਼ਾਂ ਨੂੰ ਅਪਣਾ ਕੇ ਸਤਿਆਗ੍ਰਹਿ ਸਮਾਜਿਕ ਤਬਦੀਲੀ ਲਿਆਉਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾ ਸਕਦਾ ਹੈ।

## 9.5 ਅਭਿਆਸ ਲਈ ਪ੍ਰਸ਼ਨ :

(ੳ) ਮਹਾਤਮਾ ਗਾਂਧੀ ਦੇ ਜੀਵਨ ਉਪਰ ਚਾਨਣਾ ਪਾਉਂਦੇ ਹੋਏ ਉਸਦੇ ਅਹਿੰਸਾ ਬਾਰੇ ਵਿਚਾਰਾਂ ਨੂੰ ਖੋਲ੍ਹ ਕੇ ਲਿਖੋ।

(ਅ) ਮਹਾਤਮਾ ਗਾਂਧੀ ਦੇ 'ਸਤਿਆਗ੍ਰਹਿ' ਸਿਧਾਂਤ ਤੇ ਭਰਵੀਂ ਬਹਿਸ ਕਰੋ।

### ਸੰਖੇਪ ਸਵਾਲ :

(ੳ) ਅਹਿੰਸਾ ਤੋਂ ਕੀ ਭਾਵ ਹੈ?

(ਅ) ਸਤਿਆਗ੍ਰਹਿ ਦਾ ਸ਼ਾਬਦਿਕ ਅਰਥ ਕੀ ਹੈ?

(ੲ) ਸਤਿਆਗ੍ਰਹੀ ਨੂੰ ਕਿਹੜੀਆਂ ਗੱਲਾਂ ਦਾ ਵਾਅਦਾ ਕਰਨਾ ਚਾਹੀਦਾ ਹੈ?

(ਸ) ਗਾਂਧੀ ਜੀ ਨੇ ਸਤਿਆਗ੍ਰਹੀ ਲਈ ਕੀ ਪ੍ਰੋਗਰਾਮ ਦੱਸੇ।

(ਹ) ਸਤਿਆਗ੍ਰਹਿ ਕਿੰਨੇ ਕਿਸਮ ਦਾ ਹੁੰਦਾ ਹੈ ਤੇ ਕਿਹੜਾ ਕਿਹੜਾ?

## 9.6 ਸਹਿਯੋਗੀ ਪੁਸਤਕਾਂ


| | | |
|---|---|---|
| P.S. Judge | : | Samaj Vigynik Drishtikon Ate Sidhant, Punjabi University, Patiala |
| Jammu and Bhatnagar | : | Samaj Vigyanak Sidhant, Punjabi University, Patiala |
| N.K. Bose | : | Studies in Gandhism. |

**ਪਾਠ ਨੰ : 2.4** **ਲੇਖਕ : ਡਾ. ਪਲਵਿੰਦਰ ਸਿੰਘ**

# ਮਹਾਤਮਾ ਗਾਂਧੀ
# (ਸਵਰਾਜ ਅਤੇ ਸਰਵੋਦਯ)

**ਬਣਤਰ**


10.0 ਉਦੇਸ਼

10.1 ਜਾਣ-ਪਛਾਣ

10.2 ਸਵਰਾਜ

10.3 ਸਰਵੋਦਯ

10.4 ਸਾਰ

10.5 ਅਭਿਆਸ ਲਈ ਪ੍ਰਸ਼ਨ

10.6 ਉਪਯੋਗੀ ਪੁਸਤਕਾਂ


## 10.0 ਉਦੇਸ਼ :

- ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਸਵਰਾਜ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰ ਸਕੋਗੇ।
- ਇਹ ਦੱਸ ਸਕੋਗੇ ਕਿ ਸਵਰਾਜ ਦੀ ਪ੍ਰਾਪਤੀ ਕਿਹੜੇ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ?
- ਇਸ ਯੋਗ ਹੋਵੋਗੇ ਕਿ ਗਾਂਧੀ ਜੀ ਦੇ ਆਦਰਸ਼ ਰਾਜ ਤੇ ਚਾਨਣਾ ਪਾ ਸਕੋਗੇ।
- ਤੁਸੀਂ ਗਾਂਧੀ ਜੀ ਦੁਆਰਾ ਦਿੱਤੇ ਸਰਵੋਦਯ ਦੇ ਸੰਕਲਪ ਨੂੰ ਬਿਆਨ ਕਰ ਸਕੋਂਗੇ।

## 10.1 ਜਾਣ-ਪਛਾਣ :

ਰਾਜ ਬਾਰੇ ਗਾਂਧੀ ਦੇ ਤਕਰੀਬਨ ਉਹ ਵੀ ਵਿਚਾਰ ਸਨ ਜੋ ਕਾਰਲ ਮਾਰਕਸ ਦੇ ਰਾਜ ਬਾਰੇ ਸਨ। ਗਾਂਧੀ ਜੀ ਵੀ ਰਾਜ ਨੂੰ ਬਹੁਤ ਹੀ ਭੈੜੀ ਚੀਜ਼ ਸਮਝਦੇ ਸਨ, ਉਹਨਾਂ ਦਾ ਵਿਚਾਰ ਸੀ ਕਿ ਰਾਜ ਦੀ ਲੋੜ ਬਹੁਤ ਹੀ ਘੱਟ ਪੈਂਦੀ ਹੈ, ਇਸ ਲਈ ਉਹ ਰਾਜ ਦੀਆਂ ਸ਼ਕਤੀਆਂ ਦੇ ਕੇਂਦਰੀਕਰਣ ਦੇ ਸਖ਼ਤ ਵਿਰੁੱਧ ਸਨ। ਰਾਜ ਬਾਰੇ ਉਹਨਾਂ ਦੇ ਵਿਚਾਰ 1908 ਵਿੱਚ ਲਿਖੀ 'ਹਿੰਦ ਸਵਰਾਜ' ਨਾਂ ਦੀ ਪੁਸਤਕ ਵਿੱਚ ਵੀ ਮਿਲਦੇ ਹਨ ਅਤੇ ਹੋਰ ਲਿਖਤਾਂ ਵਿੱਚ ਵੀ ਗਾਂਧੀ ਜੀ ਦੇ ਕਲਪਨਾ ਵਾਲੇ ਰਾਜ ਦੀ ਬਣਤਰ ਦਾ ਪਤਾ ਲੱਗਦਾ ਹੈ ਜਿਸ ਤੋਂ ਉਹਨਾਂ ਦਾ ਭਾਵ ਰਾਜ ਤੋਂ ਸੀ। ਜਿਸ ਵਿੱਚ ਪੁਲਿਸ ਤੇ ਫੌਜ ਦੀ ਭੂਮਿਕਾ ਨਾ ਦੇ ਬਰਾਬਰ ਹੋਵੇਗੀ ਕਿਉਂਕਿ ਉਹਨਾਂ ਦਾ ਵਿਚਾਰ ਸੀ ਕਿ ਫੌਜ ਦਾ ਕੰਮ ਤਾਂ ਕੇਵਲ ਬਾਹਰਲੇ ਹਮਲੇ ਤੋਂ ਬਚਾਉਣਾ ਹੁੰਦਾ ਹੈ।

## 10.2 ਸਵਰਾਜ :

ਸਵਰਾਜ ਇਕ ਵੈਦਿਕ ਸ਼ਬਦ ਹੈ ਜਿਸ ਤੋਂ ਭਾਵ ਹੈ, ''ਆਪਾ-ਰਾਜ'' ਅਤੇ ''ਆਪਾ-ਰੋਕ''। ਆਜ਼ਾਦੀ ਤੋਂ ਭਾਵ ਸਾਰੀ ਕਿਸਮ ਦੀਆਂ ਬੰਦਸ਼ਾਂ ਤੋਂ ਆਜ਼ਾਦੀ ਨਹੀਂ ਹੁੰਦੀ। ਸਵਰਾਜ, ਬਾਹਰਲੇ ਨਿਯੰਤਰਣ ਤੋਂ ਪੂਰੀ ਆਜ਼ਾਦੀ ਹੈ। ਇਸ ਦੇ ਦੋ ਹੋਰ ਉਦੇਸ਼ ਹਨ : ਨੈਤਿਕ ਅਤੇ ਸਮਾਜਿਕ ਜਿਸ ਦਾ ਆਸ਼ਾ ਧਰਮ ਹੈ। ਉਹਨਾਂ ਦਾ ਵਿਚਾਰ ਸੀ ਕਿ ਸਵਰਾਜ ਦੀ ਪ੍ਰਾਪਤੀ ਜਿੱਤ ਰਾਹੀਂ ਨਹੀਂ ਹੋ ਸਕਦੀ ਸਗੋਂ ਇਸ ਦੀ ਪ੍ਰਾਪਤੀ ਸਚਾਈ ਅਤੇ ਅਹਿੰਸਾ ਰਾਹੀਂ ਹੀ ਹੋ ਸਕਦੀ ਹੈ। ਸਵਰਾਜ ਲੋਕਾਂ ਲਈ ਇਸ ਕਰਕੇ ਜ਼ਰੂਰੀ ਨਹੀਂ ਕਿ ਉਹਨਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਦੱਸਦਾ ਹੈ ਸਗੋਂ ਇਸ ਕਰਕੇ ਜ਼ਰੂਰੀ ਹੈ ਕਿ ਇਹ ਉਨ੍ਹਾਂ ਨੂੰ ਫਰਜ਼ਾਂ ਬਾਰੇ ਜਾਣੂ ਕਰਵਾਉਂਦਾ ਹੈ। ਇਸ ਦੇ ਤਹਿਤ ਦੁਸ਼ਮਣੀ ਵਾਲੀ ਧਾਰਨਾ ਖ਼ਤਮ ਹੋ ਜਾਂਦੀ ਹੈ। ਸਭ ਦੀ ਭਲਾਈ ਦੀ ਧਾਰਨਾ ਪਣਪਦੀ ਹੈ ਅਤੇ ਹਰ ਕੋਈ ਆਪਣੀ ਸਮਰਥਾ ਮੁਤਾਬਿਕ ਇਸ ਵਿੱਚ ਯੋਗਦਾਨ ਪਾਉਂਦਾ ਹੈ। ਇਸ ਵਿੱਚ ਹਰ ਇਕ ਦੀ ਪੜ੍ਹਾਈ ਲਿਖਾਈ ਦਾ ਪੂਰਾ ਪ੍ਰਬੰਧ ਹੁੰਦਾ ਹੈ, ਬੰਦੇ ਦੀ ਸ਼ਖਸੀਅਤ ਦੀ ਉਨਤੀ ਹੁੰਦੀ ਹੈ। ਹਰ ਬੰਦੇ ਦੀ ਸਿਹਤਯਾਬੀ ਯਕੀਨਨ ਬਣਾਈ ਜਾਂਦੀ ਹੈ। ਬਿਮਾਰੀਆਂ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾਂਦਾ ਹੈ। ਹਰ ਬੰਦੇ ਨੂੰ ਰੋਜ਼ਗਾਰ ਉਪਲਬਧ ਹੁੰਦੇ ਹਨ।

ਗਾਂਧੀ ਜੀ ਸਮਾਜਵਾਦ ਦੇ ਹੱਕ ਵਿੱਚ ਨਹੀਂ ਸਨ ਕਿਉਂਕਿ ਇਸ ਪ੍ਰਬੰਧ ਦੇ ਤਹਿਤ ਰਾਜ ਦੀ ਤਾਕਤ ਵਿੱਚ ਬਹੁਤ ਵਾਧਾ ਹੋ ਜਾਂਦਾ ਹੈ। 1934 ਵਿੱਚ ਗਾਂਧੀ ਜੀ ਨੇ ਸੋਸ਼ਲਿਸਟਾਂ ਬਾਰੇ ਟਿੱਪਣੀ ਕਰਦੇ ਕਿਹਾ ਕਿ ਜੇ ਕਾਂਗਰਸ ਵਿੱਚ ਉਹਨਾਂ ਦਾ ਬੋਲਬਾਲਾ ਹੋ ਜਾਂਦਾ ਹੈ, ਜਿਸ ਦੀ ਸੰਭਾਵਨਾ ਹੈ ਤਾਂ ਮੈਂ ਕਾਂਗਰਸ ਵਿੱਚ ਨਹੀਂ ਰਹਿ ਸਕਦਾ।

(ਗੰਗੋਲੀ, ਉਕਤ)

ਗਾਂਧੀ ਜੀ ਫਰਾਂਸ ਦੇ ਆਜ਼ਾਦੀ, ਲਿਬਰਟੀ, ਬਰਾਬਰੀ ਅਤੇ ਭਾਈਚਾਰੇ ਵਰਗੇ ਨਾਅਰਿਆਂ ਤੋਂ ਬਹੁਤ ਪ੍ਰਭਾਵਿਤ ਸੀ। ਉਨ੍ਹਾਂ ਨੇ ਇਹਨਾਂ ਨੂੰ ਮਨੁੱਖਤਾ ਦੀ ਵਿਰਾਸਤ ਦੱਸਿਆ ਤੇ ਉਹਨਾਂ ਦਾ ਵਿਚਾਰ ਸੀ ਕਿ ਇਹਨਾਂ ਦੀ ਪ੍ਰਾਪਤੀ ਮਾਲਕਾਂ ਦੀ ਅਗਵਾਈ ਹੇਠ ਹੀ ਸੰਭਵ ਹੈ ਨਾ ਕਿ ਕੰਗਾਲਾਂ ਦੀ ਅਗਵਾਈ ਹੇਠ, ਜਿਹਨਾਂ ਕੋਲ ਮੰਗਤਮੀਰੀ ਤੋਂ ਸਿਵਾਏ ਦੇਣ ਲਈ ਹੋਰ ਕੁਝ ਵੀ ਨਹੀਂ। ਉਹ ਅਜਿਹੇ ਲੋਕ ਰਾਜ ਦੇ ਹੱਕ ਵਿੱਚ ਸਨ ਜਿਸ ਵਿਚ ਨਿਆਂ, ਇਮਾਨਦਾਰੀ ਅਤੇ ਲੋਕਤੰਤਰ ਦੀ ਭਾਵਨਾ ਹੋਵੇ ਤੇ ਅਜਿਹੇ ਲੋਕਰਾਜ ਦੀ ਅਗਵਾਈ ਸਾਰੀ ਜਨਤਾ ਤਾਂ ਨਹੀਂ ਸਗੋਂ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਚੁਣੇ ਹੋਏ ਲੋਕ ਕਰਨ।

ਗਾਂਧੀ ਜੀ ਦਾ ਵਿਚਾਰ ਸੀ ਕਿ ਦੁਨੀਆਂ ਦੀ ਤਰੱਕੀ, ਸਮਾਜ ਦੀ ਮੁੱਢਲੀ ਜ਼ਰੂਰਤ ਹੈ। ਗਾਂਧੀ ਜੀ ਜ਼ਿੰਦਗੀ ਦੀਆਂ ਕੀਮਤਾਂ ਬਦਲਣਾ ਚਾਹੁੰਦੇ ਸਨ ਅਤੇ ਸਮਾਜ ਦੀ ਤਰੱਕੀ ਦਾ ਆਧਾਰ ਪਿਆਰ, ਸਹਿਯੋਗ ਅਤੇ ਹਮਦਰਦੀ ਮੰਨਦੇ ਸਨ। ਉਨ੍ਹਾਂ ਦੇ ਰਾਮ ਰਾਜ ਤੋਂ ਭਾਵ ਹੀ ਸਾਰੀ ਮਨੁੱਖਤਾ ਦੀ ਭਲਾਈ ਸੀ, ਇਸੇ ਲਈ ਉਸ ਨੇ ਲਿਖਿਆ ਹੈ ਕਿ ਮੈਂ ਰੂਸ, ਜਰਮਨ ਜਾਂ ਬਰਤਾਨੀਆਂ ਦੀ ਨਕਲ ਨਹੀਂ ਚਾਹੁੰਦਾ (ਗੰਗੋਲੀ, 1934-74)। ਉਨ੍ਹਾਂ ਨੇ ਆਪਣੀ ਅਕਲ ਅਨੁਸਾਰ ਇਹ ਪ੍ਰਣਾਲੀਆਂ ਬਣਾਈਆਂ। ਸਾਨੂੰ ਆਪਣਿਆਂ ਲੋਕਾਂ ਲਈ ਆਪਣੀ ਅਕਲ ਵਰਤਣੀ ਚਾਹੀਦੀ ਹੈ। ਰਾਮ ਰਾਜ ਤੋਂ ਭਾਵ ਨਿਰੋਲ ਸਦਾਚਾਰਕ ਅਧਿਕਾਰ ਉਤੇ ਆਧਾਰਿਤ ਲੋਕਾਂ ਦੀ ਆਜ਼ਾਦੀ ਤੋਂ ਹੈ। ਰਾਜ ਤੋਂ ਭਾਵ ਹਰ ਇਕ ਦੁਆਰਾ ਤਿਆਗ ਹੈ। ਇਸ ਤੋਂ ਭਾਵ ਹੈ ਲੋਕਾਂ ਦੁਆਰਾ ਆਇਦ ਕੀਤਾ ਗਿਆ ਅਨੁਸ਼ਾਸਨ............। ਸਮਾਜਵਾਦ ਦਾ ਆਧਾਰ ਆਰਥਿਕ ਬਰਾਬਰੀ ਹੈ। ਇਸ ਸਮੇਂ ਵਿਆਪਕ ਮਹਾਨ ਨਾ-ਬਰਾਬਰੀਆਂ ਦੀ ਮੌਜੂਦਗੀ ਵਿਚੋਂ ਕੋਈ ਰਾਮ ਰਾਜ ਹੋਂਦ ਵਿਚ ਨਹੀਂ ਆ ਸਕਦਾ। ਰਾਮ ਰਾਜ ਵਿੱਚ ਹਰ ਇਕ ਦੀ ਬਰਾਬਰੀ ਹੋਵੇਗੀ ਹੀ ਪਰ ਲੋੜਾਂ ਦੀ ਪੂਰਤੀ ਲਈ ਵੀ ਕਾਫ਼ੀ ਕੁਝ ਮਿਲ ਜਾਵੇਗਾ।

ਜਦੋਂ ਲੋਕ ਆਪ ਜਿਊਣਾ ਸਿੱਖ ਲੈਂਦੇ ਹਨ ਤਾਂ ਪੁਲਿਸ, ਫੌਜ ਤੇ ਸਰਕਾਰ ਦੀ ਕਦਾਚਿਤ ਵੀ ਜ਼ਰੂਰਤ ਨਹੀਂ ਹੋਵੇਗੀ। ਸਵਰਾਜ ਦੀ ਪ੍ਰਾਪਤੀ ਸਭ ਲੋਕਾਂ ਦੁਆਰਾ ਸੰਭਵ ਹੈ, ਸਭ ਲੋਕਾਂ ਨੂੰ ਸਿਖਿਅਤ ਕਰਕੇ ਹੀ ਸੰਭਵ ਹੈ। ਪੂਰਨ ਸਵਰਾਜ ਵਿੱਚ ਧਰਮਾਂ, ਨਸਲਾਂ, ਜਮਾਤਾਂ, ਵਰਗਾਂ ਅਤੇ ਹੋਰ ਵੱਖਰੇਵਿਆਂ ਤੇ ਤੰਗ ਸੋਚ ਦੀ ਕੋਈ ਥਾਂ ਨਹੀਂ। ਸਾਨੂੰ

ਪਿੰਡਾਂ ਨੂੰ ਸਿੱਖਿਅਤ ਕਰਨਾ ਚਾਹੀਦਾ ਹੈ ਕਿ ਉਹ ਸਭ ਕੁਝ ਆਪਣਾ ਪੈਦਾ ਕਰਕੇ ਆਪ ਨਿਰਭਰ ਬਣ ਸਕਦੇ ਹਨ। ਚੰਗਾ ਭੋਜਨ ਖਾ ਸਕਦੇ ਹਨ। ਨਿਰੋਲ ਅਤੇ ਤੰਦਰੁਸਤ ਬਣ ਸਕਦੇ ਹਨ ਅਤੇ ਇਸੇ ਤਰ੍ਹਾਂ ਪਿੰਡਾਂ ਦੀ ਪੂਰੀ ਤਰ੍ਹਾਂ ਸਫ਼ਾਈ ਨਾਲ ਮਾਡਲ ਗਰਾਮ ਬਣਾ ਸਕਦੇ ਹਨ।

ਹਰ ਪਿੰਡ ਇੱਕ ਰੀਪਬਲਿਕ ਹੋਵੇਗਾ। ਜਿਸ ਵਿਚ ਸਮਝੌਤਾ ਕਰਨ ਲਈ ਅਹਿੰਸਾ ਅਤੇ ਸੱਤਿਆਗ੍ਰਹਿ ਤਕਨੀਕ ਵਜੋਂ ਵਰਤੇ ਜਾਣਗੇ। ਪਿੰਡ ਲਈ ਰੱਖਿਅਕਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਇਆ ਕਰਨਗੀਆਂ। ਜੋ ਪਿੰਡ ਵਿਚੋਂ ਹੀ ਲਏ ਜਾਇਆ ਕਰਨਗੇ। ਪਿੰਡ ਦੀ ਸਰਕਾਰ ਨੂੰ ਪਿੰਡ ਦੀ ਪੰਚਾਇਤ ਕਿਹਾ ਜਾਵੇਗਾ ਜਿਸ ਵਿਚ ਹਰ ਸਾਲ ਬਾਅਦ ਪੰਜ ਮੈਂਬਰ ਚੁਣੇ ਜਾਇਆ ਕਰਨਗੇ, ਜਿਨ੍ਹਾਂ ਦੀ ਚੋਣ ਬਾਲਗ, ਇਸਤਰੀਆਂ ਤੇ ਪੁਰਸ਼ਾਂ ਰਾਹੀਂ ਕੀਤੀ ਜਾਇਆ ਕਰੇ ਗੀ। ਇਹਨਾਂ ਦੀ ਘੱਟੋ-ਘੱਟ ਯੋਗਤਾ ਨਿਰਧਾਰਿਤ ਕੀਤੀ ਜਾਇਆ ਕਰੇਗੀ। ਪੰਚਾਇਤ ਨਿਆਂ ਪਾਲਿਕਾ ਅਤੇ ਵਿਧਾਨ ਪਾਲਿਕਾ ਦਾ ਕੰਮ ਕਰੇਗੀ। ਪਿੰਡ ਦੇ ਸਵਰਾਜ ਤੋਂ ਗਾਂਧੀ ਜੀ ਦਾ ਮਤਲਬ ਸੀ ਪੂਰਨ ਆਜ਼ਾਦੀ। ਪਰ ਕਈ ਗੱਲਾਂ ਤੇ ਇਸ ਦੀ ਅੰਤਰ-ਨਿਰਭਰਤਾ ਵੀ ਹੋਵੇਗੀ। ਪਿੰਡਾਂ ਦੀ ਪ੍ਰਮੁੱਖਤਾ ਇਹ ਹੋਵੇਗੀ ਕਿ ਉਹ ਆਪਣੀਆਂ ਲੋੜਾਂ ਨੂੰ ਮੁੱਖ ਰਖਦੇ ਹੋਏ ਉਤਪਾਦਨ ਕਰਨਗੇ। ਇਨ੍ਹਾਂ ਨੂੰ ਆਪਣੇ ਪਸ਼ੂਆਂ ਵਾਸਤੇ ਭੰਡਾਰ ਰੱਖਣੇ ਹੋਣਗੇ। ਬੱਚਿਆਂ ਅਤੇ ਬਾਲਗਾਂ ਵਾਸਤੇ ਖੇਡ ਮੈਦਾਨ ਅਤੇ ਹੋਰ ਮਨੋਰੰਜਨ ਦੇ ਸਾਧਨ। ਹਰ ਪਿੰਡ ਵਿਚ ਆਪਣਾ ਥੀਏਟਰ, ਸਕੂਲ ਅਤੇ ਹਾਲ ਹੋਵੇ ਗਾ। ਇਸ ਦਾ ਆਪਣਾ ਪਾਣੀ ਦਾ ਪ੍ਰਬੰਧ ਹੋਵੇਗਾ ਜੋ ਕਿ ਨਿਯੰਤਰਤ ਖੂਹਾਂ ਜਾਂ ਟੈਂਕਾਂ ਤੋਂ ਪ੍ਰਾਪਤ ਕੀਤਾ ਜਾਵੇਗਾ। ਹਰ ਕੰਮ ਸਹਿਕਾਰਤਾ ਆਧਾਰਿਤ ਕੀਤਾ ਜਾਵੇਗਾ। ਛੂਤਛਾਤ ਤੇ ਆਧਾਰਿਤ ਕੋਈ ਵੀ ਜਾਤੀ ਪ੍ਰਬੰਧ ਨਹੀਂ ਹੋਵੇਗਾ। ਹਰ ਪਿੰਡ ਵਿਚ ਕਵੀ, ਕਾਰੀਗਰ, ਆਰਕੀਟੈਕਟ, ਭਾਸ਼ਾ ਵਿਗਿਆਨੀ ਅਤੇ ਖੋਜੀ ਹੋਣਗੇ। ਪਿੰਡਾਂ ਵਿਚ ਛੋਟੀ ਸਨਅਤ ਉਨਤ ਕੀਤੀ ਜਾਵੇਗੀ ਜਿਸ ਲਈ ਉਨ੍ਹਾਂ ਨੂੰ ਤਕਨੀਕੀ ਸਿੱਖਿਆ ਦਿੱਤੀ ਜਾਵੇਗੀ। ਪੰਚਾਇਤੀ ਰਾਜ ਵਿਚ ਹਰ ਵਿਅਕਤੀ ਨੂੰ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਨੀ ਚਾਹੀਦੀ ਹੈ। ਪੰਚਾਇਤਾਂ ਆਪਣੇ ਕਾਨੂੰਨ ਆਪ ਬਣਾਉਣਗੀਆਂ ਅਤੇ ਸਮਾਜਿਕ ਅਤੇ ਆਰਥਿਕ ਪ੍ਰਵਰਤਨ ਲਿਆਉਣਗੀਆਂ (ਗੰਗੋਲੀ, 176)।

ਗਾਂਧੀ ਦੁਆਰਾ ਕਲਪਤ ਸਵਰਾਜ ਵਿਚ ਮਨੁੱਖ ਦੀ ਥਾਂ ਸਭ ਤੋਂ ਉਪਰ ਹੈ। ਉਸ ਨੂੰ ਪੂਰਾ ਰੋਜ਼ਗਾਰ ਮਿਲਣਾ ਚਾਹੀਦਾ ਹੈ। ਪਰ ਆਦਮੀ ਨੂੰ ਸਰੀਰਕ ਕੰਮ ਕਰਨਾ ਚਾਹੀਦਾ ਹੈ ਅਤੇ ਉਸਨੂੰ ਉਸਦੀ ਯੋਗਤਾ ਅਨੁਸਾਰ ਕੰਮ ਮਿਲੇ। ਕੁਦਰਤੀ ਸੋਮਿਆਂ ਦੀ ਠੀਕ ਵੰਡ ਤੇ ਜਾਇਦਾਦ ਸੰਬੰਧੀ ਟ੍ਰਸਟੀਸ਼ਿਪ ਦੇ ਨਿਯਮਾਂ ਅਨੁਸਾਰ ਨਿਰਧਾਰਿਤ ਹੁੰਦੇ ਹਨ। ਰਾਜਨੀਤਿਕ ਤਾਕਤ ਦਾ ਵਿਕੇਂਦਰੀਕਰਨ, ਸਵਦੇਸ਼ੀ, ਆਤਮ ਨਿਰਭਰਤਾ, ਸਹਿਕਾਰਤਾ, ਧਾਰਮਿਕ ਬਰਾਬਰੀ, ਪੰਚਾਇਤੀ ਰਾਜ ਅਤੇ ਨਵੀਂ ਸਿੱਖਿਆ ਇਸ ਦੇ ਕੁਝ ਹੋਰ ਆਸ਼ੇ ਹਨ। ਗਾਂਧੀ ਜੀ ਰਾਜਨੀਤੀ ਧਰਮ ਨਾਲੋਂ ਅੱਡ ਕਰਕੇ ਨਹੀਂ ਦੇਖਦੇ ਸਨ ਕਿਉਂਕਿ ਧਰਮ ਤੋਂ ਬਿਨ੍ਹਾਂ ਰਾਜਨੀਤੀ ਪਲੀਤੀ ਜਾਵੇਗੀ।

## 10.3 ਸਰਵੋਦਯ :

ਸਮਾਜ ਵਿਗਿਆਨ ਪੱਤਰ ਦੇ ਅੰਕ 26, 27, 28 ਵਿਚ ਗਾਂਧੀ ਜੀ ਦੁਆਰਾ ਪੇਸ਼ ਸਰਵੋਦਯ ਦੇ ਸੰਕਲਪ ਬਾਰੇ ਪਰਕਾਸ਼ ਸਿੰਘ ਜੰਮੂ ਹੇਠ ਲਿਖੇ ਅਨੁਸਾਰ ਆਪਣੇ ਵਿਚਾਰ ਪੇਸ਼ ਕੀਤੇ ਹਨ :

**ਮੂਲ ਧਾਰਨਾਵਾਂ :** ਗਾਂਧੀ ਜੀ ਦੀ ਸਮਾਜ ਬਾਰੇ ਮੂਲ ਧਾਰਨਾ ਜੈਵਕੂ (organismic) ਸਿਧਾਂਤ ਉਤੇ ਆਧਾਰਿਤ ਸੀ। ਇਸ ਸਿਧਾਂਤ ਅਨੁਸਾਰ ਸਮਾਜ ਦੇ ਹਰ ਅੰਗ ਦੀ ਸਮਾਜ ਵਿਚ ਆਪਣੀ ਹੀ ਥਾਂ ਹੁੰਦੀ ਹੈ। ਇਸ ਦੇ ਤਿੰਨ ਨਕਸ਼ ਹਨ, ਜੋ ਗਾਂਧੀ ਦੀ ਸਮਾਜ ਬਾਰੇ ਕਲਪਨਾ ਦਾ ਭਾਗ ਬਣੇ, ਇਹ ਸਨ

(ੳ) ਸਭ ਦੇ ਭਲੇ ਵਿਚ ਹੀ ਵਿਅਕਤੀ ਦਾ ਭਲਾ ਹੈ।

(ਅ) ਵਕੀਲ ਅਤੇ ਨਾਈ ਦੇ ਕੰਮ ਵਿਚ ਕੋਈ ਫ਼ਰਕ ਨਹੀਂ, ਕਿਉਂਕਿ ਦੋਵੇਂ ਕੰਮ ਕਰਕੇ ਰੋਟੀ ਖਾਂਦੇ ਹਨ, ਅਤੇ

(ੲ) ਮਜ਼ਦੂਰ, ਕਿਸਾਨ ਅਤੇ ਦਸਤਕਾਰ, ਸਭ ਦਾ ਜੀਵਨ, ਜੀਣਯੋਗ ਹੈ।

ਉਹ ਮਾਰਕਸਵਾਦੀ ਨਜ਼ਰੀਏ ਨਾਲ ਸਹਿਮਤ ਨਹੀਂ ਸੀ, ਜਿਸ ਸਮਾਜ ਦੀ ਕਲਪਨਾ ਪਰਸਪਰ ਵਿਰੋਧੀ, ਸੰਘਰਸ਼ਮਈ ਵਰਗਾਂ ਦੇ ਰੂਪ ਵਿਚ ਕੀਤੀ ਜਾਂਦੀ ਹੈ, ਅਤੇ ਜਿਸ ਅਨੁਸਾਰ ਦਲਿੱਤ ਵਰਗਾਂ ਦੁਆਰਾ ਹਿੰਸਕ ਤਰੀਕਿਆਂ ਨਾਲ ਹਾਕਮ ਵਰਗਾਂ ਪਾਸੋਂ ਤਾਕਤ ਖੋਹ ਕੇ ਸਮਾਜ ਦੀ ਪੁਨਰ ਉਸਾਰੀ ਨੂੰ ਉਚਿਤ ਸਮਝਿਆ ਜਾਂਦਾ ਹੈ। ਉਸ ਦੀ ਧਾਰਨਾ (ਸਿਨਹਾ, 1978, 167) ਇਹ ਸੀ ਕਿ ਸਰਮਾਇਆਦਾਰੀ ਅਤੇ ਕਮਿਊਨਿਸਟ, ਦੋਹਾਂ ਕਿਸਮਾਂ ਦੇ ਸਮਾਜਾਂ ਵਿਚ ਮਾਲਕਾਂ ਅਤੇ ਨੌਕਰਾਂ ਦੇ ਦੋ ਵਰਗ ਵਿਚ ਫ਼ਰਕ ਵੱਖਵੇਂ ਹਨ।

**ਸੰਕਲਪ :** ਸ਼ਬਦ ਸਰਵੋਦਯ, ਸਰਵ ਭਾਵ ਸਭ ਅਤੇ ਉਦਯ, ਭਾਵ ਉਭਰਨਾ ਦੇ ਮੇਲ ਨਾਲ ਬਣਿਆ ਹੈ ਜਿਸ ਦਾ ਭਾਵ ਹੈ ਸਭ ਦਾ ਭਲਾ। ਗਾਂਧੀ ਦੇ ਸਿਧਾਂਤ ਅਨੁਸਾਰ ਵਰਗ ਸੰਘਰਸ਼ ਵਿਚ ਪਏ ਬਿਨ੍ਹਾਂ ਸਰਬੱਤ ਦੇ ਭਲੇ ਦੇ ਅਸੂਲ ਉਤੇ ਸਮਾਜ ਦੀ ਰਚਨਾ ਕੀਤੀ ਜਾ ਸਕਦੀ ਸੀ। ਸਰਬੱਤ ਦਾ ਭਲਾ ਚਾਹੁਣ ਲਈ ਰੂਹਾਨੀ ਉਨਤੀ ਦੀ ਲੋੜ ਹੈ। ਉਸ ਅਨੁਸਾਰ ਸਰਵੋਦਯ ਦਾ ਭਾਵ ਆਰਥਕ ਵਿਕਾਸ ਹੀ ਨਹੀਂ, ਸਗੋਂ ਵਿਅਕਤੀ ਵਿਚਲੇ ਗੁਣਾਂ ਦੀ ਪੂਰੀ ਵਰਤੋਂ ਹੈ।

**ਸ਼ਰਤਾਂ ਤੇ ਸਾਧਨ :** ਸਰਵੋਦਯ ਸਮਾਜ ਦੀ ਉਸਾਰੀ ਲਈ ਪਹਿਲਾਂ ਰੂਹ, ਜਿਸਮ ਅਤੇ ਚਰਿੱਤਰ ਦੀ ਉਸਾਰੀ ਜ਼ਰੂਰੀ ਹੈ। ਇਸ ਲਈ ਉਸਾਰੂ ਰਵੱਈਏ ਧਾਰਨ ਕਰਨ ਅਤੇ ਉਸਾਰੂ ਸਕੀਮਾਂ ਅਪਣਾ ਕੇ ਦਇਆ ਭਾਵਨਾ ਪੈਦਾ ਕਰਨ ਦੀ ਲੋੜ ਹੈ। ਸਿਨਹਾ, (ਉਕਤ, 165) ਦੇ ਸ਼ਬਦਾਂ ਵਿਚ ਸਰਵੋਦਯ ਕੇਵਲ ਉਦੋਂ ਪ੍ਰਾਪਤ ਹੋ ਸਕਦਾ ਹੈ, ਜਦੋਂ ਨਿਸ਼ਕਾਮ ਵਿਅਕਤੀ ਸਮਾਜ ਦੀ ਉਸਾਰੀ ਲਈ ਲਾਮਬੱਧ ਹੋ ਜਾਣਗੇ ਅਤੇ ਹਥਿਆਰ ਚੁੱਕਣ ਦੀ ਥਾਂ ਆਪਣੀਆਂ ਲੋੜਾਂ ਤੋਂ ਦੂਜਿਆਂ ਦੀਆਂ ਲੋੜਾਂ ਨੂੰ ਪਹਿਲ ਦੇਣਗੇ। ਸਰਵੋਦਯ ਸਮਾਜ ਦੀ ਸਥਾਪਤੀ ਦੀ ਜੰਗ ਛੇੜਨ ਤੋਂ ਪਹਿਲਾਂ ਸਰਵ ਮੁਕਤੀ ਰੁਚੀ ਪੈਦਾ ਕਰਨੀ ਹੋਵੇਗੀ। ਵਿਅਕਤੀ ਨੂੰ ਸੱਚ (ਰੱਬ) ਅਪਨਾਉਣਾ ਪਵੇਗੀ, ਕੇਵਲ ਅਹਿੰਸਕ ਤਰੀਕਿਆਂ ਦੀ ਵਰਤੋਂ ਕਰਨੀ ਪਵੇਗੀ ਅਤੇ ਇੱਛਤ ਮਨੋਰਥਾਂ ਦੀ ਪ੍ਰਾਪਤੀ ਤੋਂ ਸਾਧਨਾਂ ਦੀ ਪਵਿੱਤਰਤਾ ਵੱਲ ਵਧੇਰੇ ਧਿਆਨ ਦੇਣਾ ਪਵੇਗਾ। ਗਾਂਧੀ ਅਹਿੰਸਕ ਅਤੇ ਵਿਕੇਂਦਰੀਕਾਰਕ ਤਰੀਕਿਆਂ ਨਾਲ ਵਰਗਰਹਿਤ, ਜਾਤਰਹਿਤ ਅਤੇ ਰਾਜਰਹਿਤ ਸਮਾਜ ਦੀ ਰਚਨਾ ਕਰਨਾ ਚਾਹੁੰਦਾ ਸੀ।

**ਪ੍ਰੋਗਰਾਮ :** ਸਰਵੋਦਯ ਸਮਾਜ ਦੀ ਪ੍ਰਾਪਤੀ ਲਈ ਗਾਂਧੀ ਨੇ ਜੋ ਪ੍ਰੋਗਰਾਮ ਬਣਾਇਆ ਉਸ ਵਿਚ ਇਹ ਕੰਮ ਜ਼ਰੂਰੀ ਸਨ : (ਸਿਨਹਾ, 1978, 167) ਸਮੁਦਾਇਕ ਏਕਤਾ, ਛੂਤ-ਛਾਤ (ਜਾਤ ਪ੍ਰਣਾਲੀ ਨਹੀਂ) ਦਾ ਖ਼ਾਤਮਾ, ਨਸ਼ਾਬੰਦੀ, ਖੱਦਰ ਪਹਿਨਣਾ, ਪੇਂਡੂ ਉਦਯੋਗਾਂ ਉਤੇ ਜ਼ੋਰ, ਪੇਂਡੂ ਸਫ਼ਾਈ, ਨਵੀਂ ਵਿੱਦਿਆ, ਬਾਲਗ ਵਿੱਦਿਆ, ਇਸਤਰੀ ਉਧਾਰ, ਸਿਹਤ ਅਤੇ ਸਫ਼ਾਈ ਸਿੱਖਿਆ, ਰਾਸ਼ਟਰ ਭਾਸ਼ਾ ਦਾ ਪਰਚਾਰ, ਮਾਤ ਬੋਲੀ ਦੀ ਵਰਤੋਂ, ਆਰਥਕ ਬਰਾਬਰੀ, ਕਿਸਾਨ ਉਧਾਰ, ਪਰਕਿਰਤਕ ਇਲਾਜ ਅਤੇ ਟ੍ਰਸਟੀਸ਼ਿਪ।

**ਸਰਵੋਦਯ ਅਤੇ ਸਮਾਜਵਾਦ :** ਸਰਵੋਦਯ ਸਰਮਾਇਆਦਾਰੀ ਸਮਾਜ ਤੋਂ ਦੂਰ ਅਤੇ ਸਮਾਜਵਾਦ ਦੇ ਨੇੜੇ ਚੀਜ਼ ਹੈ, ਇਸ ਲਈ ਇਸ ਦੀ ਤੁਲਨਾ ਸਮਾਜਵਾਦ ਨਾਲ ਕੀਤੀ ਜਾਣੀ ਚਾਹੀਦੀ ਹੈ। ਸਿਨਹਾ (ਉਕਤ, 203) ਅਨੁਸਾਰ

(ੳ) ਇਹਨਾਂ ਦੋਹਾਂ ਦਾ ਮਨੋਰਥ ਇੱਕੋ ਹੈ, ਫਰਕ ਕੇਵਲ ਸਾਧਨਾ ਦਾ ਹੈ।

(ਅ) ਇਹ ਦੋਵੇਂ ਮਨੁੱਖ ਦੇ ਸਤਿਕਾਰ ਵਿੱਚ ਯਕੀਨ ਰੱਖਦੇ ਹਨ ਅਤੇ ਮਨੁੱਖੀ ਨਾ-ਬਰਾਬਰੀਆਂ ਨੂੰ ਗੈਰ-ਕੁਦਰਤੀ ਸਮਝਦੇ ਹਨ।

(ੲ) ਗਾਂਧੀ ਵਾਂਗ ਮਾਰਕਸ ਵੀ ਬੁਨਿਆਦੀ ਤੌਰ ਤੇ ਸੁਧਾਰਵਾਦੀ ਹੈ, ਇਹ ਵੱਖਰੀ ਗੱਲ ਹੈ ਕਿ ਉਸ ਦਾ ਤਰੀਕਾ ਜਰਾ ਖਰ੍ਹਵਾ ਹੈ।

(ਸ) ਮਾਰਕਸਵਾਦ ਸਰਵੋਦਯ ਦਾ ਪੱਖ ਪ੍ਰਦਰਸ਼ਕ ਹੈ ਪਰ ਸਰਵੋਦਯ ਮਾਰਕਸ ਦੁਆਰਾ ਛੱਡਿਆ ਖੱਪਾ ਭਰਦਾ ਹੈ।

(ਹ) ਇਹ ਦੋਵੇਂ ਰਾਜਰਹਿਤ ਸਮਾਜ ਬਨਾਉਣ ਦੇ ਇੱਛੁਕ ਹਨ।

(ਕ) ਸਰਵੋਦਯ ਦਾ ਵਿਸ਼ਵਾਸ ਵਧੇਰੇ ਕਰਮ ਵਿਕਾਸ (evolution) ਵਿਚ ਹੈ, ਜਦ ਕਿ ਮਾਰਕਸਵਾਦ ਦਾ ਇਨਕਲਾਬ (Revolution) ਵਿੱਚ।

## 10.4 ਸਾਰ :

ਉਪਰੋਕਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗਾਂਧੀ ਜੀ ਪੂਰਨ ਸਵਰਾਜ ਲਿਆਉਣਾ ਚਾਹੁੰਦੇ ਸਨ। ਉਨ੍ਹਾਂ ਇੱਕ ਅਜਿਹੇ ਰਾਜ ਦੀ ਕਲਪਨਾ ਕੀਤੀ ਜਿਸ ਵਿਚ ਧਾਰਮਿਕ ਅਤੇ ਨਸਲੀ ਵਖਰੇਵਿਆਂ ਦੀ ਕੋਈ ਥਾਂ ਨਹੀਂ ਸੀ। ਮਨੁੱਖਾਂ ਉਪਰ ਸਰਕਾਰੀ ਨਿਯੰਤਰਣ ਨਾ ਹੋਵੇ, ਸਾਰੇ ਵਿਅਕਤੀ ਸਭਿਆ ਹੋਣ ਅਤੇ ਉਨ੍ਹਾਂ ਦਾ ਵਿਵਹਾਰ ਹਿੰਸਾ ਤੋਂ ਮੁਕਤ ਹੋਵੇ ਭਾਵ ਉਹ ਅਹਿੰਸਾ ਦੇ ਰਸਤੇ ਤੇ ਚਲਣ, ਅਮੀਰ ਗਰੀਬ ਸਾਰੇ ਬਰਾਬਰ ਹੋਣ। ਸਾਰੇ ਲੋਕ ਕੇਵਲ ਆਪਣੇ ਹੱਕਾਂ ਲਈ ਹੀ ਸੁਚੇਤ ਨਾ ਹੋਣ ਬਲਕਿ ਆਪਣੇ ਫਰਜ਼ਾਂ ਨੂੰ ਵੀ ਪਹਿਚਾਨਣ। ਉਹ ਰਾਜ ਜਿਸ ਵਿਚ ਰਾਜਨੀਤਿਕ ਜਾਂ ਆਰਥਿਕ ਪੱਖਾਂ ਤੋਂ ਕੋਈ ਵਿਦੇਸ਼ੀ ਨਿਯੰਤਰਣ ਨਾ ਹੋਵੇ। ਗਾਂਧੀ ਜੀ ਪੰਚਾਇਤੀ ਰਾਜ ਦੇ ਹੱਕ ਵਿਚ ਸਨ। ਉਹ ਕਹਿੰਦੇ ਸਨ ਕਿ ਪੰਚਾਇਤਾਂ ਆਪਣੇ ਕਾਨੂੰਨ ਆਪ ਬਨਾਉਣ ਅਤੇ ਸਮਾਜਿਕ ਅਤੇ ਆਰਥਿਕ ਪ੍ਰਵਰਤਨ ਲਿਆਉਣ ਵਿਚ ਸਹਾਈ ਹੋਣ। ਹਰ ਇਕ ਪਿੰਡ ਰੀਪਬਲਿਕ ਹੋਵੇ ਜਿੱਥੇ ਲੋਕ ਆਪਣੀਆਂ ਲੋੜਾਂ ਦੀ ਪੂਰਤੀ ਆਪ ਕਰਨ। ਉਹ ਆਪਣੇ ਫੈਸਲੇ ਆਪ ਕਰਨ ਅਤੇ ਆਪਣੇ ਕਾਨੂੰਨ ਆਪ ਬਨਾਉਣ।

## 10.5 ਅਭਿਆਸ ਲਈ ਪ੍ਰਸ਼ਨ :

(ੳ) ਗਾਂਧੀ ਜੀ ਦਾ ਸਵਰਾਜ ਤੋਂ ਕੀ ਭਾਵ ਹੈ? ਖੋਲ੍ਹ ਕੇ ਬਿਆਨ ਕਰੋ।

(ਅ) ਗਾਂਧੀ ਜੀ ਦਾ ਰਾਮਰਾਜ ਤੋਂ ਕੀ ਭਾਵ ਸੀ? ਵਿਸਥਾਰ ਪੂਰਵਕ ਲਿਖੋ।

(ੲ) ਗਾਂਧੀ ਜੀ ਦੁਆਰਾ ਦਿੱਤੇ ਸਰਵੋਦਯ ਦੇ ਸੰਕਲਪ ਤੇ ਰੋਸ਼ਨੀ ਪਾਓ।

## ਸੰਖੇਪ ਸਵਾਲ :

(ੳ) ਸਰਵੋਦਯ

(ਅ) ਸਵਰਾਜ

(ੲ) ਰਾਮਰਾਜ

## 10.6 ਉਪਯੋਗੀ ਪੁਸਤਕਾਂ :


1. Ganguily, B.N. : Gandhi's Social Philosophy : Perspectives and Relevance, Vikas Publishing House, Pvt. Ltd.; Delhi, 1973.
2. Gandhi, M.K. : Hind Swaraj
3. Jammu, P.S. and Bhatanagar, G.S. (ed.) : "Samaj Vigyanik Sidhant", Punjabi University, Patiala
4. Bose, Nirmal Kumar : Selections From Gandhi, 1947.
5. Bakshi, S.H. : Gandhi and His Social Thought, Criterions, Publication, N. Delhi, 1986.
6. Sharma, B.S. : Gandhi As a Political Thinker, Indian Press Pvt. Ltd., Allahabad, 1965.